P-1-36/Date of Posting: 4th-9th July 2023

ਮੁੱਲ: ₹20

# ਪੰਖੜੀਆਂ

ਜੁਲਾਈ 2023



ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ

# ਪੰਖੜੀਆਂ

ਜੁਲਾਈ 2023, ਸਾਲ 53ਵਾਂ ਅੰਕ 7

ਮੁੱਖ ਸੰਪਾਦਕ: ਅਮਰਜੀਤ ਕੌਰ ਦਾਲਮ
ਉਪ-ਸਕੱਤਰ, ਅਕਾਦਮਿਕ

ਸੰਪਾਦਕ: ਦਰਸ਼ਨ ਸਿੰਘ ਬਨੂੜ

ਡੀ.ਪੀ.ਆਈ. ਪੰਜਾਬ ਦੇ ਚਿੱਠੀ ਨੰ. 269/20-70
ਸ ਜ(3)1 ਮਿਤੀ 17.10.80 ਰਾਹੀਂ ਅਤੇ
ਡੀ.ਪੀ.ਆਈ. ਯੂ.ਟੀ. ਚੰਡੀਗੜ੍ਹ ਦੇ
ਪੱਤਰ ਨੰ. 8211-ਸ਼-1/110/81
ਮਿਤੀ 16.10.81
ਰਾਹੀਂ ਸਕੂਲਾਂ ਲਈ ਪ੍ਰਵਾਨਿਤ

ਇੱਕ ਕਾਪੀ : ₹20 | ਸਲਾਨਾ ਚੰਦਾ: ₹240

ਚੰਦਾ ਭੇਜਣ ਦਾ ਪਤਾ:
ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਦਾ ਪਤਾ:
ਸੰਪਾਦਕ
ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ
ਮੈਗਜ਼ੀਨ ਸੈੱਲ
ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062
ਸੰਪਰਕ: 0172-5227395

ਈ-ਮੇਲ: pankhrianpseb@gmail.com

ਬੋਰਡ ਦੀ ਵੈਬਸਾਈਟ: www.pseb.ac.in



ਲੇਖਕ ਆਪਣੇ ਵਿਚਾਰਾਂ ਲਈ ਖੁਦ ਜ਼ਿੰਮੇਵਾਰ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ।


## ਇਸ ਅੰਕ ਵਿੱਚ


ਸੰਪਾਦਕੀ /ਦਰਸ਼ਨ ਸਿੰਘ ਬਨੂੜ 3
ਦੋਹਿਤਾ ਬਾਣੀ ਦਾ ਬੋਹਿਥਾ /ਪ੍ਰਿੰ.ਦਲਜੀਤ ਸਿੰਘ 4
ਤੱਤੀ ਤਵੀ ਉੱਤੇ ਬੈਠਿਆ /ਅਮਰਪ੍ਰੀਤ ਸਿੰਘ ਝੀਤਾ 6
ਅਸੀਂ ਇੱਕ-ਦੂਜੇ ਲਈ ਬਣੇ ਹਾਂ /ਗੁਰਸ਼ਰਨ ਸਿੰਘ ਕੁਮਾਰ 7
ਸਬਰ ਦੀ ਜਿੱਤ /ਡਾ.ਹਰਨੇਕ ਸਿੰਘ ਕਲੇਰ 11
ਸ਼ੀਸ਼ੇਵਾਲੀ ਲਾਲਟੈਣ /ਬਹਾਦਰ ਸਿੰਘ ਗੋਸਲ 13
ਬੇਪ੍ਰਵਾਹੀਆਂ ਦੀ ਰੁੱਤ /ਮਨਪ੍ਰੀਤ ਕੌਰ ਗਿੱਲ 16
ਸਾਇੰਸ ਮੇਲਾ /ਦਰਸ਼ਨ ਸਿੰਘ ਬਨੂੜ 18
ਸਾਡੇ ਦੁੱਖ-ਸੁੱਖ ਦੇ ਸਾਥੀ ਰੁੱਖ /ਮਾ.ਸੰਜੀਵ ਧਰਮਾਣੀ 19
ਸੁਹਣੀ ਧਰਤ /ਹਰਪ੍ਰੀਤ ਪੱਤੋਂ 21
ਜੈਵ ਵਿਭਿੰਨਤਾ ਦਾ ਨਿਖਾਰ /ਲੈਕ.ਲਲਿਤ ਗੁਪਤਾ 22
ਵਾਤਾਵਰਨ ਦਿਵਸ /ਮਨਜੀਤ ਕੌਰ ਅੰਬਾਲਵੀ 24
ਸ਼ਹੀਦ ਭਾਈ ਮਨੀ ਸਿੰਘ ਜੀ /ਰਮੇਸ਼ ਬੱਗਾ ਚੋਹਲਾ 25
ਦੈਂਤ ਦਾ ਅੰਤ /ਨਿਰਮਲ ਪ੍ਰੇਮੀ 28
ਥੇਹ /ਜਸਬੀਰ ਭੁੱਲਰ 31
ਬੋਲੀਆਂ /ਮਨਦੀਪ ਕੌਰ ਰਤਨ 34
ਗਿਆਨ ਮੁਕਾਬਲਾ /ਰਿਟਾ.ਪ੍ਰਿੰ.ਵਿਨੋਦ ਕੁਮਾਰ ਸ਼ਰਮਾ 35

ਸੰਪਾਦਕੀ: ਦਰਸ਼ਨ ਸਿੰਘ ਬਨੂੜ



# ਬਲਿਹਾਰੀ ਕੁਦਰਤ ਵੱਸਿਆ

ਪਿਆਰੇ ਪਾਠਕ ਦੋਸਤੋ,

ਮੇਰੇ ਤੋਂ ਪਹਿਲਾਂ ਵਾਲ਼ੇ ਪੰਖੜੀਆਂ/ਪ੍ਰਾਇਮਰੀ ਸਿੱਖਿਆ ਦੇ ਸੰਪਾਦਕ, ਸ੍ਰ.ਕੋਮਲ ਸਿੰਘ, ਜਿੰਨਾਂ ਨੂੰ ਤੁਸੀਂ ਰਸਾਲਿਆਂ ਦੀਆਂ ਸੰਪਾਦਕੀਆਂ ਵਿੱਚ ਬਹੁਤ ਪੜ੍ਹਿਆ ਹੈ। ਉਹ ਹੁਣ ਸੇਵਾ ਮੁਕਤ ਹੋ ਚੁੱਕੇ ਹਨ, ਐਪਰ ਉਹਨਾਂ ਦਾ ਕੁਦਰਤ ਨਾਲ਼ ਬੜ੍ਹਾ ਮੋਹ ਹੈ। ਉਹ ਕਿਸੇ ਨਾ ਕਿਸੇ ਪਹਾੜੀ ਸਥਾਨ ਦੀ ਯਾਤਰਾ 'ਤੇ ਤੁਰੇ ਹੀ ਰਹਿੰਦੇ ਹਨ। ਕੁਦਰਤ ਨਾਲ ਉਹਨਾਂ ਦਾ ਮੋਹ, ਪਿਆਰ ਅਤੇ ਪ੍ਰਾਕ੍ਰਿਤਿਕ ਨਜ਼ਾਰਿਆਂ ਦੀ ਨੇੜਤਾ ਹੀ ਉਹਨਾਂ ਦੀ ਤੰਦਰੁਸਤੀ ਅਤੇ ਖ਼ੂਬਸੂਰਤੀ ਦਾ ਰਾਜ ਹੈ। ਇੱਕ ਦਿਨ ਬਰਸਾਤ ਦੇ ਦਿਨਾਂ ਵਿੱਚ ਕੁਮਾਰ ਹੱਟੀ (ਹਿਮਾਚਲ) ਦੀ ਚੋਟੀ 'ਤੇ ਬਹਿ ਕੇ ਉਹਨਾਂ ਨੇ ਸਾਨੂੰ ਵੀ ਆਵਾਜ਼ ਮਾਰੀ। ਕੁਦਰਤ ਦੇ ਰੁਬਰੂ ਹੁੰਦਿਆਂ ਪਹਾੜੀ ਘਰ ਦੀ ਛੱਤ ਤੇ ਬੈਠ ਕੇ ਚਾਹ ਦੀਆਂ ਚੁਸਕੀਆਂ ਲੈਂਦਿਆ, ਜੋ ਨਜ਼ਾਰਾ ਤੱਕਿਆ ਸੋਚਦਾ ਹਾਂ ਕਿ ਆਪਣੇ ਪਾਠਕਾਂ ਨਾਲ਼ ਵੀ ਸਾਂਝਾ ਕਰਾਂ।

ਕੁਦਰਤ ਬੜੀ ਬਲਵਾਨ ਹੈ। ਕੁਦਰਤ ਦੇ ਰੰਗਾਂ ਦਾ ਭੇਤ ਨਹੀਂ ਪਾਇਆ ਜਾ ਸਕਦਾ। ਕੁਦਰਤ ਦੇ ਕਣ-ਕਣ ਵਿੱਚੋਂ ਉਸ ਕਾਦਰ ਦਾ ਅਹਿਸਾਸ ਹੁੰਦਾ ਹੈ। ਬਰਸਾਤ ਦੇ ਦਿਨਾਂ ਵਿੱਚ ਤਾਂ ਕੁਦਰਤ ਦਾ ਨਿਖ਼ਾਰ ਦੇਖਣ ਵਾਲ਼ਾ ਹੁੰਦਾ ਹੈ। ਹਲਕੀ-ਫੁਲਕੀ ਬਾਰਿਸ਼ ਤੋਂ ਬਾਅਦ ਹੀ ਪ੍ਰਕ੍ਰਿਤੀ ਦੇ ਅੰਗ-ਅੰਗ ਵਿੱਚ ਨਿਖ਼ਾਰ ਭਰ ਜਾਂਦਾ ਹੈ।

ਕੁਦਰਤੀ ਨਜ਼ਾਰਿਆਂ ਨੂੰ ਮਾਣਦਿਆਂ ਦੀਨ ਦੁਨੀਆ ਹੀ ਭੁੱਲ ਗਈ। ਅੱਖਾਂ ਕੁਦਰਤੀ ਨਜ਼ਾਰਿਆਂ ਨੂੰ ਦੇਖ-ਦੇਖ ਹੀ ਨਹੀਂ ਸੀ ਰੱਜਦੀਆਂ। ਜੁਬਾਨ ਕੁਦਰਤ ਦੀ ਉਸਤਤ ਕਰਦੀ ਨਹੀਂ ਸੀ ਥੱਕਦੀ। ਪਲ-ਪਲ ਕੁਦਰਤ ਰੰਗ ਬਦਲਦੀ ਨਜ਼ਰ ਆਉਂਦੀ। ਪਾਣੀ ਦੀਆਂ ਮਸ਼ਕਾਂ ਭਰਦੇ ਖਾਲ਼ੀ ਕਰਦੇ ਬੱਦਲ ਮਿੰਟੋ-ਮਿੰਟੀ ਰੰਗ ਬਦਲੇ ਤਰ੍ਹਾਂ-ਤਰ੍ਹਾਂ ਦੀਆਂ ਕਲਾ-ਪ੍ਰਕ੍ਰਿਤੀਆਂ ਬਣਦੀਆਂ ਫਹਿੰਦੀਆਂ। ਰੂੰਈ ਦੇ ਫੱਬਿਆਂ ਵਰਗੇ ਚਿੱਟੇ ਦੁੱਧ ਰੰਗੇ ਬੱਦਲ ਰੁੱਖ ਰਿਸ਼ੀਆਂ ਨਾਲ ਲਿਪਟਦੇ ਇੰਞ ਲਗਦੇ ਜਿਵੇਂ ਕੋਈ ਰਿਸ਼ੀ ਚਿੱਟੀ ਲੋਈ ਦੀ ਬੁਕੱਲ ਮਾਰੀ ਬੈਠਾ ਹੋਵੇ।

ਇੱਧਰ-ਉੱਧਰ ਭੱਜੇ ਜਾਂਦੇ ਬੱਦਲ ਹਰ ਪਲ਼ ਰੰਗ ਬਦਲਦੇ। ਹਨੇਰੀ ਰਾਤ ਵਿੱਚ ਉੱਚ ਪਰਬਤੀ ਘਰਾਂ ਵਿੱਚ ਜਗਦੀਆਂ ਬੱਤੀਆਂ ਸਿਤਾਰਿਆਂ ਦਾ ਭੁਲੇਖਾ ਪਾਉਂਦੀਆਂ। ਰੁੱਖਾਂ ਦੀਆਂ ਜੜ੍ਹਾਂ ਅਤੇ ਝਾੜੀਆਂ ਵਿੱਚ ਟਿਮਟਿਮਾਉਂਦੇ ਜੁਗਨੂੰ ਕਿਸੇ ਸੱਜ ਵਿਆਹੀ ਨਾਰ ਦੀ ਕਾਲ਼ੀ ਚੁੰਨੀ ਤੇ ਲੱਗੇ ਸਿਤਾਰੇ ਜਾਪਦੇ। ਚੁਫ਼ੇਰੇ ਫ਼ੈਲੀ ਜੜੀ-ਬੂਟੀਆਂ ਅਤੇ ਬਨਾਸਪਤੀ ਦੀ ਮਹਿਕ ਕਿਸੇ ਮਹਿੰਗੇ ਪ੍ਰਫ਼ਿਊਮ ਨੂੰ ਮਾਤ ਪਾਉਂਦੀ ਹੈ।

ਰੁੱਖ਼ ਰਿਸ਼ੀਆਂ ਮੁਨੀਆਂ ਵਾਂਗ ਚੁੱਪ ਮੋਨ ਅਵਸਥਾ ਵਿੱਚ ਭਗਤੀ ਵਿੱਚ ਲੀਨ ਨਜ਼ਰੀ ਪੈਂਦੇ। ਕਿਤੇ-ਕਿਤੇ ਦੂਰ ਪਹਾੜੀ ਝੰਗੀ ਵਿੱਚ ਬੋਲਦੇ ਮੋਰ ਦੀ ਆਵਾਜ਼ ਚੁੱਪ ਦੀ ਸੁੰਨ ਨੂੰ ਤੋੜਦੀ ਕੰਨਾਂ ਵਿੱਚ ਰੱਸ ਘੋਲਦੀ। ਦੂਰ ਕਿਤੇ ਵਗਦੀ ਨਦੀ ਦੇ ਪਾਣੀ ਦਾ ਸੰਗੀਤ ਵੀ ਸੁਣਾਈ ਦਿੰਦਾ।

ਨਿੱਕੇ-ਨਿੱਕੇ ਕੁਦਰਤੀ ਨਜ਼ਾਰਿਆਂ ਦਾ ਅਹਿਸਾਸ ਉਸ ਪਰਮਾਤਮਾ ਦੀ ਉਸਤਤ ਕਰਨ ਲਈ ਮਜ਼ਬੂਰ ਕਰਦਾ। ਮੂੰਹ ਚੋਂ ਆਪ ਮੁਹਾਰੇ ਸ਼ਬਦ "ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤ ਨਾ ਜਾਇ ਲਖਿਆ" ਨਿਕਲਦਾ।

ਮੀਂਹ ਪੈਣ ਤੋਂ ਬਾਅਦ ਹਰ ਪਾਸੇ ਹਰਿਆਲੀ ਹੀ ਹਰਿਆਲੀ ਨਜ਼ਰ ਆਉਂਦੀ। ਪ੍ਰਕਿਤੀ ਦਾ ਕਣ-ਕਣ ਪੱਤੇ-ਪੱਤੇ ਵਿੱਚ ਜਾਨ ਆ ਜਾਂਦੀ ਹੈ। ਵਣ-ਤ੍ਰਿਣ ਮੌਲਣ ਲੱਗ ਪੈਂਦਾ ਹੈ। ਨੀਲਾ ਅੰਬਰ ਦਿਲ ਨੂੰ ਸਕੂਨ ਦਿੰਦਾ ਗੂੜ੍ਹੇ ਨੀਲੇ ਅੰਬਰ ਦੀ ਹਿੱਕ ਤੇ ਤੈਰਦੀਆਂ ਚਿੱਟੀਆਂ ਰੂੰ ਦੇ ਫੱਬਿਆਂ ਵਰਗੀਆਂ ਬੱਦਲ਼ੀਆਂ ਰੂਹ ਨੂੰ ਸਕੂਨ ਬਖਸ਼ਦੀਆਂ। ਰੁਮਕ-ਰੁਮਕ ਚਲਦੀਆਂ ਮਸਤ ਹਵਾਵਾਂ ਪਿੰਡਿਆਂ ਨੂੰ ਤਾਜ਼ਗੀ ਦਾ ਅਹਿਸਾਸ ਕਰਵਾਉਂਦੀਆਂ।

ਪਹਾੜੀ ਪਿੰਡ ਦੇ ਨਿੱਕੇ ਜਿਹੇ ਘਰ ਦੀ ਛੱਤ 'ਤੇ ਬੈਠ ਕੇ ਦੂਰ ਚਮਕਦੇ ਚੰਨ ਨੂੰ ਨਿਹਾਰਦਿਆਂ ਇੰਝ ਲਗਦਾ ਜਿਵੇਂ ਪੁੰਨਿਆਂ ਦਾ ਚੰਨ ਸਾਹਮਣੇ ਪਹਾੜੀ ਦੇ ਉੱਤੇ ਆ ਕੇ ਕੁਰਸੀ ਡਾਹ ਕੇ ਬੈਠ ਗਿਆ ਹੋਵੇ। ਚੰਨ ਦੇ ਚਾਨਣ ਨਾਲ ਪ੍ਰਕਿਤੀ ਵਿੱਚ ਹੋਰ ਵੀ ਨਿਖ਼ਾਰ ਆ ਜਾਂਦਾ।

ਬਨਾਸਪਤੀ ਦੀ ਮਹਿਕ ਨਾਲ ਚੌਗਿਰਦਾ ਮਹਿਕ ਰਿਹਾ ਹੁੰਦਾ ਹੈ। ਨਿੱਕੀਆ-ਨਿੱਕੀਆਂ ਪਗਡੰਡੀਆਂ ਮੰਜ਼ਿਲਾਂ ਵੱਲ ਲੈ ਤੁਰਨ ਲਈ ਪੈਰ੍ਹਾਂ ਨੂੰ ਅਵਾਜ਼ਾਂ ਮਾਰਦੀਆਂ ਜਾਪਦੀਆਂ। ਮਿੱਠੀਆਂ-ਮਿੱਠੀਆਂ ਨਾਸ਼ਪਤੀਆਂ ਨੂੰ ਦੇਖਦਿਆਂ ਹੀ ਮੂੰਹ 'ਚ ਪਾਣੀ ਆਉਣ ਲਗਦਾ ਹੈ। ਰਾਤ ਦੀ ਰਾਣੀ ਦੀ ਮਨਮੋਹਣੀ ਮਹਿਕ ਵੀ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੀ।

ਸੋ ਪਿਆਰੇ ਪਾਠਕ ਦੋਸਤੋ, ਕਦੇ-ਕਦੇ ਕੁਦਰਤ ਦੇ ਰੁਬਰੂ ਹੋਣ ਲਈਂ ਤੁਸੀਂ ਵੀ ਕਿਸੇ ਨੇੜਲੇ ਪਹਾੜੀ ਸਥਾਨ ਤੇ ਜਾ ਆਇਆ ਕਰੋ। ਕੁਦਰਤ ਨੂੰ ਮਹਿਸੂਸ ਕਰਿਆ ਕਰੋ। ਅਨੇਕਾਂ ਗੁੰਝਲਾਂ ਕੁਦਰਤ ਨੂੰ ਨੇੜਿਓ ਤੱਕ ਕੇ ਕੁਦਰਤ ਦੇ ਰੁਬਰੂ ਹੋ ਕੇ ਹੱਲ ਹੋ ਜਾਂਦੀਆਂ ਹਨ। ਆਓ ਫੇਰ ਪ੍ਰਕਿਤੀ ਦੇ ਗੋਡੇ ਮੁੱਢ ਬਹਿ ਉਸ ਕਾਦਰ ਦੀ ਕੁਦਰਤ ਦਾ ਆਨੰਦ ਮਾਣੀਏ।

ਪ੍ਰਿੰ.ਦਲਜੀਤ ਸਿੰਘ



# ਦੋਹਿਤਾ ਬਾਣੀ ਕਾ ਬੋਹਿਥਾ

ਸ੍ਰੀ ਗੁਰੂ ਅਰਜਨ ਦੇਵ ਪੰਜਵੇਂ ਗੁਰੂ ਜੀ ਦਾ ਪ੍ਰਕਾਸ਼ ਗੋਇੰਦਵਾਲ ਸਾਹਿਬ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੀ ਕੁੱਖੋਂ 15 ਅਪ੍ਰੈਲ 1563 ਈਸਵੀ ਨੂੰ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਜੋ ਬਾਲਾ ਪ੍ਰੀਤਮ ਅਰਜਨ ਦੇਵ ਜੀ ਦੇ ਨਾਨਾ ਜੀ ਲੱਗਦੇ ਸਨ, ਉਨ੍ਹਾਂ ਨੂੰ ਜਦ ਪਤਾ ਲੱਗਾ ਤਾਂ ਉਹ ਆਪ ਚੱਲ ਕੇ ਬੀਬੀ ਭਾਨੀ ਕੋਲ਼ ਗਏ। ਬੱਚੇ ਨੂੰ ਆਪਣੇ ਕੁੱਛੜ ਚੁੱਕ ਕੇ ਅਸੀਸ ਦਿੱਤੀ। ਬਚਨ ਕੀਤਾ ਕਿ ਇਹ ਇੱਕ ਭਾਰੀ ਪੁਰਖ਼ ਹੋਵੇਗਾ। ਨਾਨਾ ਗੁਰੂ ਅਮਰਦਾਸ ਜੀ ਨੇ ਬਾਲਕ ਅਰਜਨ ਦੇਵ ਜੀ ਨੂੰ ਬਹੁਤ ਪਿਆਰ ਕੀਤਾ। ਸਾਰੀ ਉਮਰ ਬਾਲ ਗੁਰੂ ਅਰਜਨ ਦੇਵ ਜੀ ਨਾਨਾ ਗੁਰੂ ਅਮਰਦਾਸ ਜੀ ਦੇ ਲਾਡਲੇ ਬਣੇ ਰਹੇ। ਬਾਬਾ ਮੋਹਣ ਜੀ ਜੋ ਬਾਲਾ ਪ੍ਰੀਤਮ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ ਤੇ ਵਿਰਕਤ ਸੁਰਤੀ ਵਾਲ਼ੇ ਸਨ, ਉਨ੍ਹਾ ਨੂੰ ਬਾਲਕ ਅਰਜਨ ਦੇਵ ਜੀ ਬਹੁਤ ਪਿਆਰੇ ਲੱਗਦੇ ਸਨ।

ਸਾਹਿਬ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਧਾਰਨ ਦਾ ਉਦੇਸ਼ ਸੀ ਮਾਇਆ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢ ਕੇ ਧਰਮ ਦੇ ਪਾਸੇ ਵੱਲ ਲਾਉਣਾ। ਸਤਿਗੁਰੂ ਦਾ ਅਵਤਾਰ ਤਾਂ ਮਨੁੱਖਾਂ ਲਈ ਚੰਦਰਮਾ ਦੇ ਪ੍ਰਕਾਸ਼ ਦੀ ਤਰ੍ਹਾ ਸੀ। ਸਤਿਗੁਰੂ ਦੇ ਬਚਨ ਅੰਮ੍ਰਿਤਮਈ ਤੇ ਭਵਸਾਗਰ ਤੋਂ ਪਾਰ ਕਰਨ ਵਾਲ਼ੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਦੁੱਖਾਂ ਨੂੰ ਕੱਟਣ ਵਾਲ਼ੇ ਸਨ।

ਬਾਲਾ ਪ੍ਰੀਤਮ ਅਰਜਨ ਦੇਵ ਜੀ ਥੋੜ੍ਹੇ ਜਿਹੇ ਵੱਡੇ ਹੋਏ ਤਾਂ ਵਿਹੜੇ ਵਿੱਚ ਰਿੜਨ ਲੱਗ ਪਏ। ਆਪ ਜੀ ਦਾ ਰੂਹਾਨੀ ਮੁੱਖੜਾ, ਨੇਤਰਾਂ ਵਿੱਚ ਚਮਕ ਤੇ ਛੋਟਾ ਬਾਲ ਸਭ ਨੂੰ ਰਿੜਦਿਆਂ ਬਹੁਤ ਚੰਗਾ ਲੱਗਦਾ ਸੀ। ਮਾਤਾ ਭਾਨੀ ਜੀ ਨੇ ਬਾਲ ਅਰਜਨ ਦੇਵ ਜੀ ਨੂੰ ਬਹੁਤ ਸੁੰਦਰ ਛੋਟੀ ਜਿਹੀ ਗੇਂਦ ਲੈ ਦਿੱਤੀ ਤਾਂ ਕਿ ਉਹ ਹੱਥ ਵਿੱਚ ਫੜ ਕੇ ਉਛਾਲ ਸਕਣ ਤੇ ਇਸ ਗੇਂਦ ਨਾਲ਼ ਖੇਡ ਸਕਣ।

ਜਦ ਬਾਲਕ ਅਰਜਨ ਦੇਵ ਜੀ ਇਸ ਗੇਂਦ ਨਾਲ਼ ਖੇਡਦੇ ਤਾਂ ਸਭ ਨੂੰ ਬਹੁਤ ਚੰਗੇ ਲੱਗਦੇ। ਆਪਣੇ ਹੱਥਾਂ ਨਾਲ਼ ਜਦ ਗੇਂਦ ਨੂੰ ਉਛਾਲਦੇ ਤਾਂ ਗੇਦ ਰਿੜਦੀ-ਰਿੜਦੀ ਕੁਝ ਦੂਰ ਚਲੀ ਜਾਂਦੀ। ਬਾਲਕ ਅਰਜਨ ਦੇਵ ਜੀ ਮੁੜ ਗੇਂਦ ਫੜਨ ਲਈ ਤੇਜ਼-ਤੇਜ਼ ਰਿੜਦੇ ਗੇਂਦ ਨੂੰ ਫੜ ਲੈਂਦੇ ਤੇ ਫਿਰ ਗੇਂਦ ਉਛਾਲਦੇ। ਇਸ ਤਰ੍ਹਾਂ ਗੇਂਦ ਨਾਲ਼ ਖੇਡਦੇ ਰਹਿੰਦੇ। ਕਦੀ ਗੇਂਦ ਵਿਹੜੇ ਵਿੱਚ ਚਲੀ ਜਾਂਦੀ, ਕਦੀ ਵਰਾਂਡੇ ਵਿੱਚ ਹੁੰਦੀ ਤੇ ਕਦੀ ਗੇਂਦ ਕਮਰੇ ਵਿੱਚ ਚਲੀ ਜਾਂਦੀ। ਮਾਤਾ ਭਾਨੀ ਜੀ ਬਾਲ ਅਰਜਨ ਦੇਵ

ਜੀ ਦਾ ਖੇਡਦਿਆਂ ਬਹੁਤ ਧਿਆਨ ਰੱਖਦੇ।

ਇੱਕ ਦਿਨ ਬਾਲਾ ਪ੍ਰੀਤਮ ਅਰਜਨ ਦੇਵ ਜੀ ਵਿਹੜੇ ਵਿੱਚ ਗੇਂਦ ਨਾਲ਼ ਖੇਡ ਰਹੇ ਸਨ ਤਾਂ ਉਨ੍ਹਾ ਗੇਂਦ ਹੱਥ ਵਿੱਚ ਫੜ ਕੇ ਜ਼ੋਰ ਨਾਲ਼ ਉਛਾਲ ਦਿੱਤੀ। ਗੇਂਦ ਉੱਛਲ ਕੇ ਰਿੜ੍ਹਦੀ-ਰਿੜ੍ਹਦੀ ਉਸ ਕਮਰੇ ਵਿੱਚ ਜਾ ਪਈ, ਜਿੱਥੇ ਆਪ ਜੀ ਦੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਅਰਾਮ ਕਰ ਰਹੇ ਸਨ।

ਬਾਲ ਅਰਜਨ ਦੇਵ ਜੀ ਗੇਂਦ ਲੈਣ ਲਈ ਉਸਦੇ ਪਿੱਛੇ-ਪਿੱਛੇ ਰਿੜਦੇ-ਰਿੜਦੇ ਉਸ ਕਮਰੇ ਵਿੱਚ ਪੁੱਜੇ ਤਾਂ ਗੇਂਦ ਉਨ੍ਹਾਂ ਨੂੰ ਉਸ ਕਮਰੇ ਵਿੱਚ ਕਿਤੇ ਵੀ ਨਜ਼ਰ ਨਾ ਆਈ। ਬਾਲਕ ਅਰਜਨ ਦੇਵ ਜੀ ਨੇ ਸਮਝਿਆ ਕਿ ਸ਼ਾਇਦ ਗੇਂਦ ਮੰਜੇ ’ਤੇ ਹੋਵੇਗੀ।

ਮੰਜਾ ਉੱਚਾ ਸੀ ਤੇ ਆਪ ਬਹੁਤ ਛੋਟੇ ਸਨ। ਮੰਜੇ ’ਤੇ ਚੜ੍ਹ ਨਹੀਂ ਸਕਦੇ ਸਨ। ਬਾਲ ਅਰਜਨ ਦੇਵ ਜੀ ਦੇ ਮਨ ਵਿੱਚ ਇੱਕ ਤਰਕੀਬ ਸੁੱਝੀ। ਉਹ ਮੰਜੇ ਦੇ ਪਾਵੇ ਨਾਲ਼ ਲਗ ਕੇ ਖੜ੍ਹੇ ਹੋ ਗਏ ਤੇ ਉਸ ਨੂੰ ਪੂਰੇ ਜ਼ੋਰ ਨਾਲ਼ ਹਿਲਾਣਾ ਸ਼ੁਰੂ ਕਰ ਦਿੱਤਾ।

ਮੰਜਾ ਜ਼ੋਰ ਨਾਲ਼ ਹਿਲਾਣ ਨਾਲ਼ ਪੂਰਾ ਹਿੱਲ ਗਿਆ ਤੇ ਸਤਿਗੁਰ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਜਾਗ ਖੁੱਲ੍ਹ ਗਈ। ਸਤਿਗੁਰਾਂ ਸਹਿਜ ਸੁਭਾ ਬਚਨ ਕੀਤਾ:

ਇਹ ਕਿਹੜਾ ਵੱਡਾ ਪੁਰਖ਼ ਹੈ ਭਾਰੀ।
ਜਿਸ ਮੰਜੀ ਹਿਲਾਈ ਸਾਡੀ ਸਾਰੀ।

ਇਤਨਾ ਬਚਨ ਕਰਨ ਤੋਂ ਬਾਅਦ ਸਤਿਗੁਰ ਗੁਰੂ ਅਮਰਦਾਸ ਪਾਤਸ਼ਾਹ ਜੀ ਮੰਜੀ ਤੋਂ ਉੱਠ ਬੈਠੇ। ਅਜੇ ਇੱਧਰ-ਉੱਧਰ ਦੇਖਣ ਹੀ ਲੱਗੇ ਸਨ ਕਿ ਮਾਤਾ ਬੀਬੀ ਭਾਨੀ ਜੀ ਸਤਿਗੁਰਾਂ ਦੇ ਕਮਰੇ ਵਿੱਚ ਪਹੁੰਚ ਗਏ। ਗੁਰੂ ਅਮਰਦਾਸ ਜੀ ਦੇ ਬਚਨ ਉਨ੍ਹਾਂ ਸੁਣ ਲਏ ਸਨ। ਸਤਿਗੁਰਾਂ ਦੇ ਬਚਨ ਦਾ ਉੱਤਰ ਬੀਬੀ ਭਾਨੀ ਜੀ ਨੇ ਦਿੱਤਾ। ਕਹਿਣ ਲੱਗੇ, “ਦੋਹਿਤ ਜੇ ਦੋਹਿਤਾ।”

ਸਤਿਗੁਰੂ ਪਾਤਸ਼ਾਹ ਗੁਰੂ ਅਮਰਦਾਸ ਜੀ ਖਿੜ੍ਹ-ਖਿੜ੍ਹਾ ਕੇ ਹੱਸ ਪਏ ਤੇ ਖ਼ੁਸ਼ ਹੁੰਦਿਆਂ ਦੂਜਾ ਬਚਨ ਕੀਤਾ:

ਦੋਹਿਤਾ ਬਾਣੀ ਕਾ ਬੋਹਿਤਾ।

ਇਸ ਤਰ੍ਹਾਂ ਕਹਿੰਦਿਆਂ ਸਤਿਗੁਰਾਂ ਬਾਲ ਅਰਜਨ ਦੇਵ ਜੀ ਨੂੰ ਥੱਲਿਓਂ ਉਠਾਇਆ ਤੇ ਘੁੱਟ ਕੇ ਆਪਣੀ ਛਾਤੀ ਨਾਲ਼ ਲਾ ਲਿਆ। ਸਤਿਗੁਰ ਆਪਣੇ ਪਹਿਲੇ ਬਚਨ ਨੂੰ ਫਿਰ ਦੁਹਰਾਇਆ ਇਹ ਸੰਸਾਰ ਵਿੱਚ ਭਾਗੀ ਪੁਰਖ਼ ਹੋਵੇਗਾ ਅਤੇ ਬਾਣੀ ਦਾ ਬੋਹਿਥਾ ਹੋਵੇਗਾ।

ਬੀਬੀ ਭਾਨੀ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਛੋਟੀ ਸਪੁੱਤਰੀ ਸਨ। ਆਪ ਜੀ ਦਾ ਜਨਮ ਪਿੰਡ ਬਾਸਰਕੇ 2 ਫਰਵਰੀ 1534 ਨੂੰ ਹੋਇਆ ਸੀ ਇਨ੍ਹਾਂ ਦਾ ਮੁੱਢਲਾ ਨਾਮ ਮੋਹਿਣੀ ਸੀ, ਪਰ ਇਹ ਹਮੇਸ਼ਾ ਰਜ਼ਾ ਵਿੱਚ ਰਹਿ ਕੇ ਆਪਣੇ ਪਿਤਾ ਗੁਰੂ ਅਮਰਦਾਸ ਜੀ ਦਾ ਕਹਿਣਾ ਮੰਨਦੇ ਸਨ, ਜਿਸ ਤੋਂ ਉਨ੍ਹਾਂ ਦਾ ਨਾਂ ਬੀਬੀ ਭਾਨੀ ਪ੍ਰਚਲਿਤ ਹੋ ਗਿਆ।

ਬੀਬੀ ਭਾਨੀ ਜੀ ਆਪਣੇ ਇਸ ਬਾਲਕ ਅਰਜਨ ਦੇਵ ਜੀ ਨੂੰ ਹਮੇਸ਼ਾ ਜੋ ਅਸੀਸ ਦਿੰਦੇ ਸਨ, ਉਸ ਵਿੱਚ ਕਹਿੰਦੇ ਸਨ ਕਿ ਹੇ ਪੁੱਤਰ ਅਰਜਨ ਦੇਵ ਤੈਨੂੰ ਕਦੀ ਵੀ ਉਹ ਅਕਾਲ ਪੁਰਖ਼ ਅੱਖ ਝਪਕਣ ਜਿੰਨੇ ਸਮੇਂ ਲਈ ਵੀ ਨਾ ਭੁੱਲੇ। ਤੂੰ ਸਦਾ ਸੰਸਾਰ ਮਾਲਕ ਪ੍ਰਮਾਤਮਾ ਦਾ ਨਾਂ ਜੱਪਦਾ ਰਹੇਂ। ਤੇਰੇ ਕੋਲ਼ ਆਤਮਿਕ ਖ਼ੁਸ਼ੀਆਂ ਦੇ ਭੰਡਾਰ ਸਦਾ ਰਹਿਣ। ਬੀਬੀ ਭਾਨੀ ਜੀ ਨੇ ਇਹ ਸਭ ਕੁਝ ਆਪਣੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਤੋਂ ਗ੍ਰਹਿਣ ਕੀਤਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਬਾਅਦ ਵਿੱਚ ਜਦ ਪੰਜਵੇਂ ਗੁਰੂ ਬਣੇ ਤਾਂ ਉਨ੍ਹਾਂ ਸ਼ਬਦ ਦੇ ਰੂਪ ਵਿੱਚ ਇਹੋ ਅਸੀਸ ਉਚਾਰਨ ਕੀਤੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਸੀਸ ਦੇ ਰੂਪ ਵਿੱਚ ਉਚਾਰਿਆ ਇਹ ਸ਼ਬਦ ਸਪੱਸ਼ਟ ਕਰਦਾ ਹੈ ਕਿ ਬਾਲਾ ਪ੍ਰੀਤਮ ਅਰਜਨ ਦੇਵ ਜੀ ਦਾ ਜੀਵਨ ਕਿਵੇਂ ਗੁਰਮਤਿ ਅਨੁਸਾਰ ਢਾਲਿਆ ਅਤੇ ਸਵਾਰਿਆ ਜਾ ਰਿਹਾ ਸੀ। ਬਾਲ ਅਰਜਨ ਦੇਵ ਜੀ ਕੀਰਤਨ ਦੇ ਭੰਡਾਰ ਅਤੇ ਨਾਮ ਦੀ ਮੂਰਤ ਬਣ ਗਏ ਸਨ। ਅਕਾਲ ਪੁਰਖ਼ ਦੀ ਰਜ਼ਾ ਵਿੱਚ ਸਥਿਤ ਹੋ ਗਏ ਸਨ। ਉਹ ਬਾਣੀ ਦੇ ਬੋਹਿਥ ਸਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਲ ਅਵਸਥਾ ਵਿੱਚ ਹੀ ਆਤਮਕ ਅਨੰਦ ਅਤੇ ਖੇੜੇ ਵਿੱਚ ਰਹਿ ਅਬਿਨਾਸੀ ਖੇਮ ਬਣ ਗਏ ਸਨ।



ਅਮਰਪ੍ਰੀਤ ਸਿੰਘ ਝੀਤਾ
97791-91447

# ਤੱਤੀ ਤਵੀ ਉੱਤੇ ਬੈਠਿਆ...

ਤੱਤੀ ਤਵੀ ਉੱਤੇ ਬੈਠਿਆ,
'ਸੋਢੀ ਪਾਤਸ਼ਾਹ' ਦਾ ਪੁੱਤਰ ਪਿਆਰਾ।
'ਸ਼ਾਂਤੀ ਦਾ ਪੁੰਜ ਬਣ ਕੇ,
ਸਹਿ ਗਿਆ ਸੇਕ ਜ਼ੁਲਮ ਦਾ ਸਾਰਾ।

ਤੱਤਾ ਰੇਤਾ ਪਾਉਣ ਸੀਸ 'ਤੇ,
ਪਰ ਗੁਰੂ ਜੀ ਰਤਾ ਨਾ ਡੋਲੇ,
ਭਾਣਾ ਮਿੱਠਾ ਕਰ ਮੰਨਿਆ,
ਮੁੱਖੋਂ ਸੀਅ ਤੱਕ ਵੀ ਨਾ ਬੋਲੇ,
ਤਵੀ ਹੇਠਾਂ ਅੱਗ ਬਲਦੀ,
ਕੈਸਾ ਵਰਤ ਰਿਹਾ ਵਰਤਾਰਾ।
ਤੱਤੀ ਤਵੀ ਉੱਤੇ ਬੈਠਿਆ,
'ਸੋਢੀ ਪਾਤਸ਼ਾਹ' ਦਾ ਪੁੱਤਰ ਪਿਆਰਾ।

ਲਾਲਚ 'ਚ ਆਇਆ ਪ੍ਰਿਥੀ,
ਸ਼ਿਕਾਇਤਾਂ ਜਾ ਹਾਕਮ ਕੋਲ ਲਾਈਆਂ,
ਚੰਦੂ ਪਾਪੀ ਨਾਲ਼ ਰਲ਼ਿਆ,
ਦੇਵੇ ਧਰਮ ਦੀਆਂ ਉਹ ਦੁਹਾਈਆਂ,
ਖੁਸਰੋ ਨੂੰ ਦੇ ਕੇ ਆਸਰਾ,
ਕੀਤਾ ਜ਼ੁਲਮ ਗੁਰਾਂ ਤੇ ਬੜਾ ਭਾਰਾ।
ਤੱਤੀ ਤਵੀ ਉੱਤੇ ਬੈਠਿਆ,
'ਸੋਢੀ ਪਾਤਸ਼ਾਹ' ਦਾ ਪੁੱਤਰ ਪਿਆਰਾ।

ਦੋਖੀਆਂ ਦੀ ਸੁਣ ਅਰਜ਼ੀ,
ਬੜੇ ਰੋਹ ਵਿੱਚ ਬਾਦਸ਼ਾਹ ਆਇਆ,
ਸੱਚ ਝੂਠ ਨਾ ਵੀਚਾਰਿਆ,
ਸਿੱਧਾ ਮੌਤ ਦਾ ਹੁਕਮ ਸੁਣਾਇਆ,
ਕੰਨਾਂ ਦਾ ਕੱਚਾ ਜਹਾਂਗੀਰ,
ਬਣ ਗਿਆ ਗੁਰਾਂ ਦਾ ਹਤਿਆਰਾ।
ਤੱਤੀ ਤਵੀ ਉੱਤੇ ਬੈਠਿਆ,
'ਸੋਢੀ ਪਾਤਸ਼ਾਹ' ਦਾ ਪੁੱਤਰ ਪਿਆਰਾ।

'ਸ਼ਹੀਦਾਂ ਦੇ ਸਿਰਤਾਜ' ਬਣ ਕੇ,
ਆਢਾ ਨਾਲ਼ ਜ਼ੁਲਮ ਦੇ ਲਾਇਆ,
ਸੱਚੀ ਗੱਲ ਕਹਿਣੋਂ ਨਾ ਡਰੇ,
ਕੈਸਾ ਸਿਦਕ ਗੁਰਾਂ ਦਿਖਲਾਇਆ,
ਉਹ ਨਾ ਕਦੀ ਵੀ ਡੋਲਦਾ,
ਜਿਹਨੂੰ ਸੱਚੇ ਨਾਮ ਦਾ ਹੈ ਸਹਾਰਾ।
ਤੱਤੀ ਤਵੀ ਉੱਤੇ ਬੈਠਿਆ,
'ਸੋਢੀ ਪਾਤਸ਼ਾਹ' ਦਾ ਪੁੱਤਰ ਪਿਆਰਾ।

ਗੁਰਾਂ ਦੇ ਸਬਰ ਸਾਹਮਣੇ,
ਤੱਤੀ ਤਵੀ ਵੀ ਠਰ ਗਈ ਜਾਪੇ,
ਸਿਦਕ ਨੂੰ ਨਾ ਹਾਰਿਆ,
ਬਣ ਗਏ ਨੇ ਮਿਸਾਲ ਗੁਰੂ ਆਪੇ,
'ਅਮਰ' ਸ਼ਹਾਦਤ ਨੂੰ,
ਸਿਜਦਾ ਕਰਦਾ ਜਹਾਨ ਇਹ ਸਾਰਾ।
ਤੱਤੀ ਤਵੀ ਉੱਤੇ ਬੈਠਿਆ,
'ਸੋਢੀ ਪਾਤਸ਼ਾਹ' ਦਾ ਪੁੱਤਰ ਪਿਆਰਾ।



ਗੁਰਸ਼ਰਨ ਸਿੰਘ ਕੁਮਾਰ
83608-42861

# ਅਸੀਂ ਇੱਕ-ਦੂਜੇ ਲਈ ਬਣੇ ਹਾਂ

ਅਪਨੇ ਲਿਏ ਜੀਏ ਤੋ ਕਿਆ ਜੀਏ।
ਤੂੰ ਜੀਅ ਐ ਦਿਲ ਜ਼ਮਾਨੇ ਕੇ ਲਿਏ।

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਇਕੱਲਾ ਰਹਿਣ ਲਈ ਨਹੀਂ ਬਣਿਆ। ਪ੍ਰਮਾਤਮਾ ਨੇ ਇਸੇ ਲਈ ਨਰ ਅਤੇ ਮਾਦਾ ਬਣਾਏ ਹਨ ਤਾਂ ਕਿ ਦੋਹਾਂ ਨੂੰ ਇੱਕ ਦੂਜੇ ਦੇ ਸਹਿਯੋਗ ਦੀ ਲੋੜ ਪੈਂਦੀ ਰਹੇ ਅਤੇ ਸ੍ਰਿਸ਼ਟੀ ਅੱਗੇ ਚਲਦੀ ਰਹੇ। ਇਕੱਲਾ ਨਰ ਜਾਂ ਮਾਦਾ ਦੂਜੇ ਦੇ ਸਹਿਯੋਗ ਤੋਂ ਬਿਨ੍ਹਾ ਸ੍ਰਿਸ਼ਟੀ ਨੂੰ ਅੱਗੇ ਨਹੀਂ ਤੋਰ ਸਕਦਾ। ਆਪਣੇ ਲਈ ਕੰਮ ਤਾਂ ਸਾਰੇ ਹੀ ਕਰਦੇ ਹਨ, ਪਰ ਇਨਸਾਨ ਉਹ ਹੀ ਹੈ ਜੋ ਦੂਜੇ ਦੇ ਕੰਮ ਆਵੇ। ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ। ਕਈ ਲੋਕ ਤਾਂ ਇੰਨੇ ਰਹਿਮ ਦਿਲ ਹੁੰਦੇ ਹਨ ਕਿ ਉਹ ਪਸ਼ੂ ਪੰਛੀਆਂ ਦੇ ਸੁੱਖ ਦਾ ਵੀ ਖ਼ਿਆਲ ਰੱਖਦੇ ਹਨ। ਉਹ ਲਵਾਰਿਸ ਗਊਆਂ ਨੂੰ ਪੱਠੇ ਪਾਉਂਦੇ ਹਨ ਅਤੇ ਪੰਛੀਆਂ ਲਈ ਆਲ੍ਹਣੇ ਅਤੇ ਦਾਣੇ ਪਾਣੀ ਦਾ ਪ੍ਰਬੰਧ ਕਰਦੇ ਹਨ। ਉਹ ਤਾਂ ਮਾਸ ਆਂਡਾ ਖਾਣ ਤੋਂ ਵੀ ਪ੍ਰਹੇਜ ਕਰਦੇ ਹਨ। ਉਹ ਐਸਾ ਕੋਈ ਕੰਮ ਨਹੀਂ ਕਰਦੇ ਜਿਸ ਨਾਲ਼ ਮਨੁੱਖਤਾ ਵਿੱਚ ਨਫ਼ਰਤ ਫੈਲੇ ਜਾਂ ਕਿਸੇ ਨੂੰ ਕੋਈ ਨੁਕਸਾਨ ਪਹੁੰਚੇ। ਉਹ ਜੀਓ ਅਤੇ ਜੀਣ ਦਿਓ ਦੇ ਸਿਧਾਂਤ ਵਿੱਚ ਵਿਸ਼ਵਾਸ ਰੱਖਦੇ ਹਨ।

ਇਕੱਲੇ ਮਨੁੱਖ ਦੀ ਖ਼ੁਸ਼ੀ ਵੀ ਕੋਈ ਖ਼ੁਸ਼ੀ ਨਹੀਂ ਹੁੰਦੀ। ਖ਼ੁਸ਼ੀ ਨੂੰ ਤਾਂ ਸਾਰਿਆਂ ਨਾਲ਼ ਰਲ਼ ਕੇ ਹੀ ਮਨਾਇਆ ਜਾਂਦਾ ਹੈ। ਕਹਿੰਦੇ ਹਨ ਕਿ ਇਕੱਲੇ ਤਾਂ ਰੁੱਖ ਵੀ ਨਾ ਹੋਵੇ। ਇਕੱਲੇ ਰਹਿਣ ਵਾਲੇ ਬੰਦੇ ਨੂੰ ਕਈ ਬਿਮਾਰੀਆਂ ਘੇਰ ਲੈਂਦੀਆਂ ਹਨ। ਆਪਣੇ ਚੰਗੇ ਦਿਨਾਂ ਵਿੱਚ ਉਹ ਕਿਸੇ ਦਾ ਸਾਥ ਨਹੀਂ ਦਿੰਦਾ। ਇਸੇ ਲਈ ਉਸ ਦੇ ਅੰਤ ਸਮੇਂ ਦੂਜਾ ਕੋਈ ਉਸ ਦੇ ਨੇੜੇ ਨਹੀਂ ਆਉਂਦਾ। ਉਸ ਦੇ ਸਰੀਰ ਦੇ ਸਾਰੇ ਅੰਗ ਕਮਜ਼ੋਰ ਪੈ ਜਾਂਦੇ ਹਨ ਅਤੇ ਯਾਦਾਸ਼ਤ ਘਟ ਜਾਂਦੀ ਹੈ। ਫਿਰ ਉਸ ਲਈ ਹਰ ਕੰਮ ਮੁਸ਼ਕਿਲ ਭਰਿਆ ਹੀ ਹੁੰਦਾ ਹੈ। ਇਸੇ ਤਰ੍ਹਾਂ ਵਿਹਲੇ ਰਹਿਣ ਵਿੱਚ ਵੀ ਕੋਈ ਸ਼ਾਨ ਨਹੀਂ। ਵਿਹਲਾ ਰਹਿਣ ਵਾਲ਼ਾ ਮਨੁੱਖ ਸਮਾਜ, ਦੇਸ ਅਤੇ ਪਰਿਵਾਰ ਤੇ ਬੋਝ ਹੀ ਹੁੰਦਾ ਹੈ। ਉਸ ਨੂੰ ਵੀ ਜਲਦੀ ਹੀ ਘੁਣ ਦੀ ਤਰ੍ਹਾਂ ਕਈ ਬਿਮਾਰੀਆਂ ਲੱਗ ਜਾਂਦੀਆਂ ਹਨ। ਇੱਕ ਦਿਨ ਜਰਜਰ ਹੋ ਕੇ ਉਸ ਦਾ ਸਰੀਰ ਖ਼ਤਮ ਹੋ ਜਾਂਦਾ ਹੈ। ਇਸ ਤੋਂ ਬਚਣ ਲਈ ਹਰ ਮਨੁੱਖ ਨੂੰ ਕੋਈ

ਨਾ ਕੋਈ ਉਸਾਰੂ ਕੰਮ ਕਰਦੇ ਰਹਿਣਾ ਚਾਹੀਦਾ ਹੈ। ਜਦ ਬੰਦਾ ਕਿਸੇ ਕੰਮ ਨੂੰ ਹੱਥ ਪਾਉਂਦਾ ਹੈ ਤਾਂ ਉਸ ਨੂੰ ਕਿਸੇ ਨਾ ਕਿਸੇ ਦਾ ਸਾਥ ਅਤੇ ਸਹਿਯੋਗ ਮਿਲਦਾ ਹੈ ਜਿਸ ਨਾਲ਼ ਉਸ ਦਾ ਵਿਹਲਾਪਣ ਅਤੇ ਇਕੱਲਾਪਣ ਦੂਰ ਹੁੰਦਾ ਹੈ। ਉਹ ਤੰਦਰੁਸਤ ਰਹਿੰਦਾ ਹੈ ਅਤੇ ਜ਼ਿੰਦਗੀ ਵਿੱਚ ਉਸ ਦੀ ਦਿਲਚਸਪੀ ਬਣੀ ਰਹਿੰਦੀ ਹੈ।

ਜੇ ਇਹ ਦੇਖਣਾ ਹੋਵੇ ਕਿ ਕਿਸੇ ਦੇਸ ਨੇ ਕਿੰਨੀ ਉੱਨਤੀ ਕੀਤੀ ਹੈ ਅਤੇ ਉਹ ਕਿੰਨਾ ਖ਼ੁਸ਼ਹਾਲ ਹੋਇਆ ਹੈ ਤਾਂ ਇਹ ਨਹੀਂ ਦੇਖਣਾ ਚਾਹੀਦਾ ਕਿ ਉੱਥੇ ਕਿੰਨੇ ਕਰੋੜਪਤੀ ਹਨ, ਸਗੋਂ ਇਹ ਦੇਖਣਾ ਚਾਹੀਦਾ ਹੈ ਕਿ ਉੱਥੇ ਸਭ ਤੋਂ ਸਧਾਰਨ ਮਨੁੱਖਾਂ ਦਾ ਸਤਰ ਕਿੰਨਾ ਉੱਚਾ ਉਠਿਆ ਹੈ। ਅਫ਼ਸੋਸ ਭਾਰਤ ਵਿੱਚ ਹਾਲੀ ਵੀ ਸਵੇਰੇ ਸਵੇਰੇ ਕੂੜੇ ਦੇ ਢੇਰ ਵਿੱਚੋਂ ਛੋਟੇ-ਛੋਟੇ ਬੱਚੇ ਆਪਣੀ ਰੋਟੀ ਤਲਾਸ਼ਦੇ ਨਜ਼ਰ ਆਉਂਦੇ ਹਨ। ਢਾਬਿਆਂ ਤੇ ਅਤੇ ਇੱਟਾਂ ਦੇ ਭੱਠਿਆਂ ਤੇ ਮਾਸੂਮ ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜ਼ਬੂਰ ਹਨ। ਔਰਤਾਂ ਅੱਧਕੱਜੇ ਸਰੀਰਾਂ ਨਾਲ਼ ਮਜ਼ਦੂਰੀ ਕਰ ਰਹੀਆਂ ਹਨ। ਲੱਖਾਂ ਲੋਕੀ ਬਿਨਾ ਛੱਤ ਤੋਂ ਵਰਾਂਡਿਆਂ ਵਿੱਚ ਅਤੇ ਬਿਨਾ ਛੱਤ ਤੋਂ ਪੁੱਲਾਂ ਹੇਠਾਂ ਰਾਤਾਂ ਕੱਟ ਰਹੇ ਹਨ। ਇਹ ਕਹਿੰਦੇ ਹਨ ਕਿ ਬਹੁਤ ਹੀ ਜਲਦੀ ਭਾਰਤ ਮੰਗਲ ਗ੍ਰਹਿ 'ਤੇ ਪੈਰ ਧਰਨ ਵਾਲ਼ਾ ਹੈ ਪਰ ਕੀ ਭਾਰਤ ਦੀ ਧਰਤੀ ਤੇ ਲੋਕਾਂ ਦੀ ਜ਼ਿੰਦਗੀ ਵਿੱਚ ਮੰਗਲ ਹੈ ਕਿ ਨਹੀਂ? ਸਰਕਾਰ ਨੂੰ ਗ਼ਰੀਬ ਲੋਕਾਂ ਨੂੰ ਇਸ ਨਰਕ ਭਰੀ ਜ਼ਿੰਦਗੀ ਵਿੱਚੋਂ ਬਾਹਰ ਕੱਢਣ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸਹਾਰਾ ਬਣਨਾ ਚਾਹੀਦਾ ਹੈ। ਇਹ ਵੀ ਪ੍ਰਮਾਤਮਾ ਦੇ ਬਣਾਏ ਹੋਏ ਬੰਦੇ ਹਨ। ਸਾਡਾ ਵੀ ਇਨ੍ਹਾਂ ਪ੍ਰਤੀ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਦੀ ਬਾਂਹ ਫੜੀਏ ਅਤੇ ਇਨ੍ਹਾਂ ਬੁੱਝਦੇ ਹੋਏ ਚਿਰਗਾਂ ਨੂੰ ਜਗ-ਮਗਾ ਕੇ ਸਮਾਜ ਦਾ ਨਰੋਇਆ ਅੰਗ ਬਣਾਈਏ।

ਬੰਦਾ ਜਿੰਨਾ ਮਰਜੀ ਅਮੀਰ ਕਿਉਂ ਨਾ ਹੋ ਜਾਏ ਉਹ ਆਪਣਾ ਦੁੱਖ ਵੇਚ ਨਹੀਂ ਸਕਦਾ ਅਤੇ ਸੁੱਖ ਖ਼ਰੀਦ ਨਹੀਂ ਸਕਦਾ। ਦੁੱਖ ਤਾਂ ਉਸ ਨੂੰ ਆਪਣੇ ਸਰੀਰ ਅਤੇ ਆਤਮਾ 'ਤੇ ਹੀ ਝੱਲਣਾ ਪੈਂਦਾ ਹੈ। ਦਾਨ ਹਮੇਸ਼ਾਂ ਆਪਣੇ ਘਰ ਤੋਂ ਹੀ ਸ਼ੁਰੂ ਹੁੰਦਾ ਹੈ। ਦੂਸਰੇ ਨੂੰ ਚੰਗਾ ਕੰਮ ਕਹਿਣ ਤੋਂ ਪਹਿਲਾਂ ਪਹਿਲ ਆਪਣੇ ਘਰ ਤੋਂ ਹੀ ਸ਼ੁਰੂ ਕਰੋ। ਕਈ ਲੋਕ ਘਰ ਦੇ ਬਜ਼ੁਰਗਾਂ ਨੂੰ ਰੋਟੀ ਨਹੀਂ ਪੁੱਛਦੇ ਪਰ ਆਪ ਗੁਰਦੁਵਾਰੇ ਲੰਗਰ ਦੀ ਸੇਵਾ ਕਰਨ ਤੁਰ ਪੈਂਦੇ ਹਨ। ਅਜਿਹੀ ਸੇਵਾ ਦਾ ਕੋਈ ਲਾਭ ਨਹੀਂ, ਕੇਵਲ ਦਿਖਾਵਾ ਹੀ ਹੈ।

ਜੇ ਤੁਸੀਂ ਕਾਫ਼ੀ ਸਾਰਾ ਧਨ ਇੱਕੱਠਾ ਕਰ ਲਿਆ ਹੈ ਜਾਂ ਕਿਸੇ ਉੱਚੇ ਅਹੁਦੇ ਤੇ ਪਹੁੰਚ ਗਏ ਹੋ ਤਾਂ ਕਦੀ ਇਹ ਨਾ ਸੋਚੋ ਕਿ ਹੁਣ ਤੁਸੀਂ ਸਰਵਗੁਣ ਸੰਪਨ ਹੋ ਗਏ ਹੋ ਅਤੇ ਹੁਣ ਤੁਹਾਨੂੰ ਕਿਸੇ ਦੀ ਲੋੜ ਨਹੀਂ। ਇਸ ਲਈ ਹੁਣ ਤੁਹਾਨੂੰ ਦੂਜੇ ਲੋਕਾਂ ਨਾਲ਼ ਮਿਲਣਾ ਗਿਲਣਾ, ਬੋਲਣਾ ਚਾਲਣਾ ਅਤੇ ਵਰਤਣਾ ਛੱਡ ਦੇਣਾ ਚਾਹੀਦਾ ਹੈ। ਨਾ ਹੀ ਜਵਾਨੀ ਦੇ ਸਰੂਰ ਵਿੱਚ ਇਹ ਸੋਚੋ ਕਿ ਤੁਸੀਂ ਕਦੀ ਬੁੱਢੇ ਹੀ ਨਹੀਂ ਹੋਣਾ ਜਾਂ ਹੁਣ ਤੁਹਾਡੇ ਤੇ ਕੋਈ ਮਾੜਾ ਸਮਾਂ ਨਹੀਂ ਆਵੇਗਾ। ਇਕੱਲੇ ਅਤੇ ਵਿਹਲੇ ਰਹਿਣਾ ਸਭ ਤੋਂ ਵੱਡਾ ਔਗੁਣ ਹੈ। ਸੰਸਾਰ ਵਿੱਚ ਕੋਈ ਵੀ ਮਨੁੱਖ ਸਰਵਗੁਣ ਸੰਪਨ ਨਹੀਂ ਹੁੰਦਾ। ਇਸ ਲਈ ਸਾਨੂੰ ਜ਼ਿੰਦਗੀ ਵਿੱਚ ਇੱਕ ਦੂਜੇ ਦੀ ਲੋੜ ਪੈਂਦੀ ਹੀ ਰਹਿੰਦੀ ਹੈ। ਜੇ ਕੋਈ ਮਨੁੱਖ ਖ਼ੁਸ਼ਹਾਲ ਹੈ ਪਰ ਉਸ ਦੇ ਆਸ ਪਾਸ ਦੇ ਸਾਥੀਆਂ ਵਿੱਚ ਕੋਈ ਸੋਗ ਵਰਤਿਆ ਹੋਇਆ ਹੈ ਤਾਂ ਅਜਿਹੇ ਮਨੁੱਖ ਦੀ ਖ਼ੁਸ਼ੀ ਕੋਈ ਮਾਇਨੇ ਨਹੀਂ ਰੱਖਦੀ। ਇਸ ਨੂੰ ਕਹਿੰਦੇ ਹਨ ਕਿ ਰੋਮ ਜਲ ਰਿਹਾ ਅਤੇ ਨੀਰੂ ਬੰਸਰੀ ਵਜਾ ਰਿਹਾ ਸੀ।

ਮਨ ਵਿੱਚ ਕਦੀ ਇਹ ਖ਼ਿਆਲ ਨਹੀਂ ਕਰਨਾ ਚਾਹੀਦਾ ਕਿ ਮੇਰੇ ਕੋਲ਼ ਕੁਝ ਵੀ ਨਹੀਂ। ਮੈਂ ਕਿਸੇ ਦੀ ਕੋਈ ਮਦਦ ਨਹੀਂ ਕਰ ਸਕਦਾ। ਮਦਦ ਕੇਵਲ ਰੁਪਏ ਪੈਸੇ ਨਾਲ਼ ਹੀ ਨਹੀਂ ਹੁੰਦੀ। ਤੁਸੀਂ ਕਿਸੇ ਦੁਖੀ ਦੀ ਹੱਥੀਂ ਸੇਵਾ ਕਰ ਕੇ ਵੀ ਉਸ ਦਾ ਦੁੱਖ ਦੂਰ ਕਰ ਸਕਦੇ ਹੋ। ਕਿਸੇ ਨੂੰ ਸ਼ੁੱਭ ਅਸੀਸ ਵੀ ਦੇ ਸਕਦੇ ਹੋ। ਤੁਹਾਡੇ ਪ੍ਰੇਰਨਾ ਦੇ ਕਹੇ ਹੋਏ ਸ਼ਬਦ ਕਿਸੇ ਦੀ ਜ਼ਿੰਦਗੀ ਸਵਾਰ ਸਕਦੇ ਹਨ। ਆਪਣੇ ਆਪ ਨੂੰ ਕਦੀ ਗ਼ਰੀਬ, ਕਮਜ਼ੋਰ,

ਨਿਮਾਣਾ ਅਤੇ ਨਿਤਾਣਾ ਨਾ ਸਮਝੋ। ਹੋ ਸਕਦਾ ਹੈ ਜੋ ਕੁਝ ਅੱਜ ਤੁਹਾਡੇ ਕੋਲ ਹੈ, ਕਈ ਲੋਕ ਉਸ ਨੂੰ ਵੀ ਤਰਸਦੇ ਹੋਣ। ਹਮੇਸ਼ਾਂ ਆਪਣੇ ਤੋਂ ਥੱਲੇ ਵੱਲ ਦੇਖ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕਰੋ। ਗ਼ਰੀਬ, ਕਮਜ਼ੋਰ ਅਤੇ ਬਿਮਾਰ ਲੋਕਾਂ ਨਾਲ਼ ਨਫ਼ਰਤ ਨਹੀਂ ਕਰਨੀ ਚਾਹੀਦੀ। ਉਹ ਤੁਹਾਡੀ ਹਮਦਰਦੀ ਅਤੇ ਪਿਆਰ ਦੇ ਪਾਤਰ ਹਨ। ਇਸੇ ਲਈ ਕਹਿੰਦੇ ਹਨ, "ਨਾ ਪਦ ਬੜਾ, ਨਾ ਕਦ ਬੜਾ। ਮੁਸੀਬਤ ਮੇਂ ਜੋ ਸਾਥ ਦੇ ਵੋਹ ਸਭ ਸੇ ਬੜਾ।"

ਅਸੀਂ ਇੱਕ ਦੂਜੇ ਨੂੰ ਸਹਾਰਾ ਦਿੰਦੇ ਹੋਏ ਹੀ ਆਪ ਉੱਪਰ ਉੱਠ ਸਕਦੇ ਹਾਂ। ਜੇ ਅਸੀਂ ਸਰਬੱਤ ਦਾ ਭਲਾ ਮੰਗਦੇ ਹਾਂ ਤਾਂ ਸਾਡਾ ਭਲਾ ਵੀ ਆਪਣੇ ਆਪ ਹੀ



ਹੋ ਜਾਂਦਾ ਹੈ। ਇੱਕ ਦੂਜੇ ਦੇ ਸਹਿਯੋਗ ਨਾਲ਼ ਮੁਸ਼ਕਲ ਕੰਮ ਵੀ ਆਸਾਨ ਹੋ ਜਾਂਦਾ ਹਨ ਅਤੇ ਅਸੰਭਵ ਕੰਮ ਵੀ ਸੰਭਵ ਬਣ ਜਾਂਦੇ ਹਨ। ਕੁਦਰਤ ਦੀ ਕੋਈ ਵੀ ਚੀਜ ਕੇਵਲ ਆਪਣੇ ਲਈ ਹੀ ਨਹੀਂ ਜਿਉਂਦੀ। ਸੂਰਜ ਕੇਵਲ ਆਪਣੇ ਲਈ ਹੀ ਰੋਸ਼ਨੀ ਨਹੀਂ ਦਿੰਦਾ। ਦਰਿਆ ਕਦੀ ਆਪਣਾ ਪਾਣੀ ਆਪ ਨਹੀਂ ਪੀਂਦੇ। ਫੁੱਲ ਵੀ ਆਪਣੀ ਖ਼ੁਸ਼ਬੂ ਦੂਜਿਆਂ ਨੂੰ ਹੀ ਵੰਡਦੇ ਹਨ। ਰੁੱਖ ਕਦੀ ਆਪਣਾ ਫ਼ਲ ਆਪ ਨਹੀਂ ਖਾਦੇ ਅਤੇ ਨਾ ਹੀ ਕਦੀ ਆਪਣੀ ਆਕਸੀਜਨ ਆਪ ਸੋਖਦੇ ਹਨ। ਇਸ ਲਈ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਦੂਜਿਆਂ ਦਾ ਭਲਾ ਕਰ ਕੇ ਆਪਣੀ ਜ਼ਿੰਦਗੀ ਸਫ਼ਲ ਬਣਾਉਣੀ ਚਾਹੀਦੀ ਹੈ।

ਇਸ ਧਰਤੀ ਤੇ ਸਮੇਂ-ਸਮੇਂ ਐਸੇ ਅਵਤਾਰ ਅਤੇ ਰਹਿਨੁਮਾ ਪੈਦਾ ਹੋਏ ਹਨ ਜਿਨ੍ਹਾਂ ਨੇ ਮਨੁੱਖਤਾ ਦੀ ਸੇਵਾ ਦੀ ਲਹਿਰ ਸ਼ੁਰੂ ਕੀਤੀ ਜੋ ਰਹਿੰਦੀ ਦੁਨੀਆ ਤੱਕ ਕਾਇਮ ਰਹੇਗੀ। ਗੁਰੂ ਨਾਨਕ ਦੇਵ ਜੀ ਨੇ ਜੋ ਲੰਗਰ ਦੀ ਪ੍ਰਥਾ ਚਲਾਈ ਉਹ ਅੱਜ ਵੀ ਪੰਜ ਸਦੀਆਂ ਤੋਂ ਜ਼ਿਆਦਾ ਸਮੇਂ ਤੋਂ ਗ਼ਰੀਬਾਂ ਨੂੰ ਬਿਨ੍ਹਾ ਕਿਸੇ ਭੇਦ ਭਾਵ ਤੋਂ ਭੋਜਨ ਕਰਾ ਰਹੀ ਹੈ। ਗੁਰੂ ਹਰਕ੍ਰਿਸ਼ਨ ਜੀ ਨੇ 8 ਸਾਲ ਦੀ ਉਮਰ ਵਿੱਚ ਦਿੱਲੀ ਵਿੱਚ ਮਾਤਾ ਦੇ ਰੋਗੀਆਂ ਦੀ ਸੇਵਾ ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ। ਅੱਜ ਵੀ ਉਨ੍ਹਾਂ ਦੇ ਨਾਮ ਤੇ ਕਈ ਫਰੀ ਹਸਪਤਾਲ ਪੂਰੇ ਭਾਰਤ ਵਿੱਚ ਚੱਲ ਰਹੇ ਹਨ। ਭਾਈ ਘਨਈਆ ਜੀ ਨੇ ਸਿੱਖਾਂ ਅਤੇ ਮੁਗਲਾਂ ਦੀ ਜੰਗ ਵਿੱਚ ਦੁਸ਼ਮਣਾ ਨੂੰ ਬਿਨ੍ਹਾ ਭੇਦ ਭਾਵ ਤੋਂ ਪਾਣੀ ਪਿਲਾ ਕੇ ਅਤੇ ਜ਼ਖਮਾਂ 'ਤੇ ਮਲ੍ਹਮ ਲਾ ਕੇ ਸੇਵਾ ਦੀ ਅਦੁੱਤੀ ਮਿਸਾਲ ਕਾਇਮ ਕੀਤੀ ਜਿਸ ਦੇ ਅਧਾਰ 'ਤੇ ਅੱਜ ਦੁਨੀਆ ਭਰ ਵਿੱਚ ਰੈਡ ਕਰਾਸ ਨਾਮ ਦੀ ਸੰਸਥਾ ਚੱਲ ਰਹੀ ਹੈ। ਮਦਰ ਟਰੇਸਾ ਨੇ ਅਨਾਥਾਂ ਅਤੇ ਬੇਸਹਾਰਾ ਔਰਤਾਂ ਦੀ ਸੰਸਥਾ ਕਾਇਮ ਕੀਤੀ। ਭਗਤ ਪੂਰਨ ਸਿੰਘ ਨੇ ਅਨਾਥਾਂ ਅਤੇ ਪਿੰਗਲਿਆਂ ਲਈ ਪਿੰਗਲਵਾੜੇ ਦੀ ਸਥਾਪਨਾ ਕੀਤੀ। ਜਿਸ ਨੂੰ ਅੱਜ ਵੀ ਡਾ. ਇੰਦਰਜੀਤ ਕੌਰ ਸਫ਼ਲਤਾ ਪੂਰਕ ਚਲਾ ਰਹੀ ਹੈ। ਜਤਿੰਦਰ ਸਿੰਘ ਸ਼ੰਟੀ ਨੇ ਕੋਵਿਡ-19 ਦੀ ਭਿਆਨਕ ਮਹਾਂਮਾਰੀ ਵਿੱਚ ਹਜ਼ਾਰਾਂ ਲਾਵਾਰਿਸ ਲਾਸ਼ਾਂ ਦਾ ਸਸਕਾਰ ਕੀਤਾ ਅਤੇ ਲੱਕੜਾਂ ਦੇ ਲੰਗਰ ਵੀ ਲਾਏ। ਸਰਦਾਰ ਰਵੀ ਸਿੰਘ ਵਲੋਂ ਖਾਲਸਾ ਏਡ ਦੀ ਸੰਸਥਾ ਦੇ ਨਾਮ ਹੇਠ, ਦੁਨੀਆ ਦੇ ਜਿਸ ਸਥਾਨ ਤੇ ਵੀ ਕੋਈ ਕੁਦਰਤੀ ਆਫ਼ਤ ਆਏ, ਉੱਥੇ ਸਭ ਤੋਂ ਪਹਿਲਾਂ ਪਹੁੰਚ ਕੇ ਦੁਖੀਆਂ ਲਈ ਭੋਜਨ, ਬਿਸਤਰ, ਬਰਤਨ, ਦਵਾਈਆਂ ਅਤੇ ਮੁੜ ਵਸੇਬੇ ਨਾਲ਼ ਮਦਦ ਕੀਤੀ ਜਾਂਦੀ ਹੈ। ਅੱਜ ਕੱਲ੍ਹ ਗੁਰਪ੍ਰੀਤ ਸਿੰਘ ਲੁਧਿਆਣੇ ਵਿੱਚ 'ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ' ਨਾਮ ਦੀ ਸੰਸਥਾ ਦੇ ਹੇਠ ਲਵਾਰਿਸ, ਬਿਮਾਰ ਅਤੇ ਮੰਦਬੁੱਧੀ ਲੋਕਾਂ ਦੀ ਸੰਭਾਲ਼

ਕਰ ਕੇ ਮਨੁੱਖਤਾ ਦੀ ਮਹਾਨ ਸੇਵਾ ਕਰ ਰਹੇ ਹਨ। ਉਪਰੋਕਤ ਮਨੁੱਖ ਆਪਣੇ ਆਪ ਵਿੱਚ ਇਕੱਲੇ ਕਾਰੇ ਨਹੀਂ ਹੁੰਦੇ। ਇਹ ਆਪਣੇ ਆਪ ਵਿੱਚ ਪੂਰੀ ਸੰਸਥਾ ਦਾ ਕੰਮ ਕਰਦੇ ਹਨ। ਜੋ ਸਦੀਆਂ ਤੱਕ ਮਨੁੱਖਤਾ ਲਈ ਸੇਵਾ ਸੰਭਾਲ ਦੀ ਮਿਸਾਲ ਪੈਦਾ ਕਰਦੇ ਹਨ।

ਦੂਜਿਆਂ ਦੀ ਮਦਦ ਕਿਸੇ ਦਿਖਾਵੇ, ਸਵਾਰਥ, ਅਹਿਸਾਨ ਜਾਂ ਹੰਕਾਰ ਨਾਲ਼ ਨਹੀਂ ਕਰਨੀ ਚਾਹੀਦੀ, ਸਗੋਂ ਪਿਆਰ, ਹਮਦਰਦੀ ਅਤੇ ਆਪਣਾ ਇਨਸਾਨੀ ਫ਼ਰਜ਼ ਸਮਝ ਕੇ ਕਰਨੀ ਚਾਹੀਦੀ ਹੈ ਤਾਂ ਕਿ ਦੂਜਾ ਆਪਣੇ ਆਪ ਨੂੰ ਛੋਟਾ ਨਾ ਸਮਝੇ। ਜੋ ਦੂਜਿਆਂ ਨੂੰ ਇੱਜ਼ਤ ਦਿੰਦਾ ਹੈ ਉਹ ਅਸਲ ਵਿੱਚ ਖੁਦ ਹੀ ਇੱਜ਼ਤਦਾਰ ਹੁੰਦਾ ਹੈ। ਮਨੁੱਖ ਦੂਜੇ ਨੂੰ ਉਹ ਹੀ ਦੇ ਸਕਦਾ ਹੈ ਜੋ ਉਸ ਕੋਲ਼ ਹੁੰਦਾ ਹੈ। ਗ਼ਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ। ਕਿਸੇ ਦੀ ਮਦਦ ਲਈ ਉੱਠਿਆ ਹੋਇਆ ਇੱਕ ਹੱਥ ਅਰਦਾਸ ਲਈ ਉੱਠੇ ਦੋ ਹੱਥਾਂ ਤੋਂ ਜ਼ਿਆਦਾ ਮਹੱਤਵ ਰੱਖਦਾ ਹੈ।

ਜੇ ਅੱਜ ਅਸੀਂ ਕਿਸੇ ਦਾ ਭਲਾ ਕਰਦੇ ਹਾਂ ਤਾਂ ਇਹ ਪੱਕੀ ਗੱਲ ਹੈ ਕਿ ਕੱਲ੍ਹ ਨੂੰ ਸਾਡੇ ਮੁਸ਼ਕਲ ਸਮੇਂ ਪ੍ਰਮਾਤਮਾ ਕੋਈ ਦੋ ਹੱਥ ਸਾਡੀ ਮਦਦ ਨੂੰ ਭੇਜ ਹੀ ਦੇਵੇਗਾ। ਕਿਸਮਤ ਦੀ ਬਜਾਏ ਕਰਮ ਥਿਊਰੀ ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਕਿਸੇ ਨੇ ਹਿੰਦੀ ਵਿੱਚ ਖ਼ੂਬ ਲਿਖਿਆ ਹੈ:

ਅਪਨੇ ਲਿਏ ਜੀਏ ਤੋ ਕਿਆ ਜੀਏ।
ਤੂੰ ਜੀਅ ਐ ਦਿਲ ਜ਼ਮਾਨੇ ਕੇ ਲਿਏ।
ਬੁੱਝਤੇ ਦੀਏ ਜਲਾਨੇ ਕੇ ਲਿਏ।
ਤੂੰ ਜੀਅ ਐ ਦਿਲ ਜ਼ਮਾਨੇ ਕੇ ਲਿਏ।

ਬੇਸ਼ੱਕ ਅਸੀਂ ਸਿਰਫ਼ ਆਪਣੇ ਲਈ ਹੀ ਨਹੀਂ ਬਣੇ ਪਰ ਫਿਰ ਵੀ ਦੂਜੇ ਦਾ ਭਲਾ ਕਰਦਿਆਂ ਸਾਨੂੰ ਆਪਣੇ ਆਪ ਨੂੰ ਭੁੱਲ ਨਹੀਂ ਜਾਣਾ ਚਾਹੀਦਾ। ਆਪਣੇ ਆਪ ਲਈ ਵੀ ਸਾਡੇ ਕੁਝ ਮੁਢਲੇ ਫ਼ਰਜ਼ ਹਨ। ਜੇ ਅਸੀਂ ਤੰਦਰੁਸਤ ਰਹਾਂਗੇ ਤਾਂ ਹੀ ਦੂਜੇ ਦੀ ਸੇਵਾ ਕਰ ਸਕਾਂਗੇ। ਨਸ਼ਿਆਂ ਅਤੇ ਭੈੜੀ ਸੰਗਤ ਤੋਂ ਬਚੋ। ਸੋਹਣੇ ਅਤੇ ਢੁਕਵੇਂ ਕੱਪੜੇ ਪਾ ਕੇ ਆਪਣੀ ਦਿੱਖ ਸੁਹਣੀ ਬਣਾ ਕੇ ਰੱਖੋ। ਚੰਗੀ ਸੰਗਤ ਕਰੋ। ਆਪਣੇ ਹੁਨਰ ਨੂੰ ਤਰਾਸ਼ੋ ਤਾਂ ਕਿ ਤੁਹਾਡੀ ਕਦਰ ਪਵੇ। ਹੱਸਮੁੱਖ ਰਹੋ। ਖ਼ੁਸ਼ੀ-ਖ਼ੁਸ਼ੀ ਦੂਸਰੇ ਦੇ ਕੰਮ ਸਵਾਰੋ। ਇਸ ਤਰ੍ਹਾਂ ਤੁਸੀਂ ਦੂਜੇ ਦਾ ਦਿਲ ਜਿੱਤ ਲਓਗੇ।

ਇਹ ਵੀ ਯਾਦ ਰੱਖੋ ਕਿ ਕਿਸੇ ਦੇ ਮਾੜੇ ਦਿਨ ਹਮੇਸ਼ਾਂ ਲਈ ਨਹੀਂ ਰਹਿੰਦੇ। ਅੱਜ ਜੋ ਜ਼ਰੂਰਤਮੰਦ ਹੈ ਉਹ ਕੱਲ੍ਹ ਨੂੰ ਆਪਣੇ ਪੈਰਾਂ ਤੇ ਖੜਾ ਹੋ ਕੇ ਤੁਹਾਡੇ ਬਰਾਬਰ ਵੀ ਹੋ ਸਕਦਾ ਹੈ ਅਤੇ ਤੁਹਨੂੰ ਉਸ ਦੀ ਮਦਦ ਦੀ ਲੋੜ ਵੀ ਪੈ ਸਕਦੀ ਹੈ। ਜੇ ਦੂਜੇ ਦੇ ਦੁੱਖ ਸਮੇਂ ਉਸ ਨੂੰ ਕਿਹਾ ਜਾਏ, "ਘਬਰਾ ਨਾ, ਮੈਂ ਤੇਰੇ ਨਾਲ਼ ਹਾਂ" ਤਾਂ ਉਸ ਨੂੰ ਬੜੀ ਤਸੱਲੀ ਮਿਲਦੀ ਹੈ ਕਿ ਮੈਂ ਇਸ ਦੁੱਖ ਵਿੱਚ ਇਕੱਲਾ ਨਹੀਂ। ਮੇਰੇ ਨਾਲ਼ ਮੇਰਾ ਕੋਈ ਹਮਦਰਦ ਹੈ। ਇਸ ਨਾਲ਼ ਉਸ ਦੇ ਦੁੱਖ ਦੀ ਪੀੜ੍ਹਾ ਕੁਝ ਘਟਦੀ ਹੈ। ਜੇ ਤੁਹਾਡੇ ਭਲੇ ਦੇ ਕੀਤੇ ਕੰਮ ਨਾਲ਼ ਕਿਸੇ ਦੁਖੀ ਦੇ ਚਿਹਰੇ ਤੇ ਮੁਸਕਰਾਹਟ ਆ ਸਕੇ ਤਾਂ ਸਮਝੋ ਕਿ ਇਹ ਤੁਹਾਡੀ ਜ਼ਿੰਦਗੀ ਦੀ ਬਹੁਤ ਵੱਡੀ ਪ੍ਰਾਪਤੀ ਹੈ। ਦੂਸਰੇ ਦੀਆਂ ਅਸੀਸਾਂ ਜ਼ਿੰਦਗੀ ਵਿੱਚ ਬਹੁਤ ਕੰਮ ਆਉਂਦੀਆਂ ਹਨ।

ਕੋਈ ਬੰਦਾ ਕਦੀ ਆਪਣੇ ਆਪ ਵਿੱਚ ਪੂਰਾ ਨਹੀਂ ਹੁੰਦਾ। ਜ਼ਿੰਦਗੀ ਵਿੱਚ ਹਰ ਕਿਸੇ ਨੂੰ ਦੂਜੇ ਦੇ ਸਾਥ ਦੀ ਜ਼ਰੂਰਤ ਹੁੰਦੀ ਹੈ। ਇਹ ਸਾਥ ਇੱਕ ਦੂਸਰੇ ਦੇ ਸਹਿਯੋਗ ਅਤੇ ਸਦ-ਵਿਉਹਾਰ ਨਾਲ਼ ਹੀ ਮਿਲਦਾ ਹੈ। ਦੂਸਰੇ ਦੇ ਸਾਥ ਤੋਂ ਬਿਨਾ ਅਸੀਂ ਸਾਰੇ ਹੀ ਅਧੂਰੇ ਹਾਂ। ਬਿਨ੍ਹਾ ਕਿਸੇ ਸਾਥ, ਸਹਾਰੇ ਅਤੇ ਸਹਿਯੋਗ ਤੋਂ ਅਸੀਂ ਸਿਫ਼ਰ ਹਾਂ।

ਅਸੀਂ ਇੱਕ ਦੂਜੇ ਲਈ ਹੀ ਬਣੇ ਹਾਂ। ਫੁੱਲਾਂ ਦੀ ਤਰ੍ਹਾਂ ਸਾਡਾ ਜੀਵਨ ਬਹੁਤ ਛੋਟਾ ਹੈ। ਇਸ ਨੂੰ ਖ਼ਤਮ ਹੋਣ ਤੋਂ ਪਹਿਲਾਂ ਕੁਝ ਚੰਗਾ ਕਰ ਜਾਵੋ ਤਾਂ ਕਿ ਲੋਕ ਤੁਹਾਡੇ ਪਿੱਛੋਂ ਵੀ ਤੁਹਾਨੂੰ ਯਾਦ ਕਰਨ। ਜ਼ਿੰਦਗੀ ਲੰਮੀ ਨਹੀਂ ਮਹਾਨ ਹੋਣੀ ਚਾਹੀਦੀ ਹੈ। ਅੱਜ ਦੇ ਨਵੇਂ ਭਾਰਤ ਨੂੰ ਉਨ੍ਹਾਂ ਲੋਕਾਂ ਦੀ ਲੋੜ ਹੈ ਜੋ ਦੂਜਿਆਂ ਦੀ ਮਦਦ ਕਰਨਾ ਜਾਣਦੇ ਹੋਣ।

ਡਾ.ਹਰਨੇਕ ਸਿੰਘ ਕਲੇਰ



# ਸਬਰ ਦੀ ਜਿੱਤ

ਇੱਕ ਰਾਜਾ ਸੀ। ਇੱਕ ਰਾਣੀ ਤੇ ਇੱਕ ਉਸਦੀ ਧੀ ਸੀ। ਰਾਜੇ ਦੇ ਰਾਜ ਵਿੱਚ ਪਰਜਾ ਬਹੁਤ ਖ਼ੁਸ਼ ਸੀ। ਰਾਜੇ ਦੀ ਧੀ ਰਾਜ ਕੁਮਾਰੀ ਵਿਆਹ ਦੇ ਯੋਗ ਹੋ ਗਈ। ਰਾਜਾ ਤੇ ਰਾਣੀ ਚਾਹੁੰਦੇ ਸਨ ਕਿ ਰਾਜ ਕੁਮਾਰੀ ਦਾ ਵਿਆਹ ਕਿਸੇ ਰਾਜ ਦੇ ਰਾਜ ਕੁਮਾਰ ਨਾਲ਼ ਹੋ ਜਾਵੇ। ਰਾਜ ਕੁਮਾਰੀ ਵਿਆਹ ਤੋਂ ਟਾਲ਼-ਮਟੋਲ਼ ਕਰੀ ਜਾ ਰਹੀ ਸੀ। ਰਾਜਾ ਤੇ ਰਾਣੀ ਬਹੁਤ ਫ਼ਿਕਰਮੰਦ ਸਨ।

ਮਾਤਾ ਤੇ ਪਿਤਾ ਦਾ ਫ਼ਿਕਰ ਦੇਖ ਕੇ ਇੱਕ ਦਿਨ ਰਾਜ ਕੁਮਾਰੀ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ।

''ਉਹ ਵਿਆਹ ਕਰਵਾ ਲਵੇਗੀ, ਪਰ ਉਸਦੀ ਇੱਕ ਸ਼ਰਤ ਹੈ।''

ਰਾਜਾ ਤੇ ਰਾਣੀ ਨੇ ਕਿਹਾ, ''ਪੁੱਤਰੀ ਤੇਰੀ ਹਰ ਸ਼ਰਤ ਪੂਰੀ ਕੀਤੀ ਜਾਵੇਗੀ, ਪਰ ਤੂੰ ਵਿਆਹ ਕਰਵਾ ਲੈ। ਆਪਣੀ ਸ਼ਰਤ ਸਾਨੂੰ ਦੱਸ, ਅਸੀਂ ਤੁਹਾਡੀ ਸ਼ਰਤ ਪੂਰੀ ਕਰਨ ਵਾਲ਼ਾ ਰਾਜਕੁਮਾਰ ਲੱਭ ਲਵਾਂਗੇ।

ਜਦੋਂ ਰਾਜ ਕੁਮਾਰੀ ਨੇ ਸ਼ਰਤ ਦੱਸੀ ਤਾਂ ਰਾਜਾ ਤੇ ਰਾਣੀ ਹੋਰ ਵੀ ਹੈਰਾਨ ਰਹਿ ਗਏ। ਰਾਜ ਕੁਮਾਰੀ ਨੇ ਕਿਹਾ ਕਿ ਉਹ ਉਸ ਨਾਲ਼ ਵਿਆਹ ਕਰਵਾਏਗੀ, ਜਿਹੜਾ ਰਾਜ ਕੁਮਾਰ ਜਾਂ ਵਿਅਕਤੀ ਉਸਨੂੰ ਸਾਰੀ ਰਾਤ, ਭਾਵ ਦਿਨ ਚੜ੍ਹਦੇ ਤੱਕ ਬਾਤ ਸੁਣਾਵੇਗਾ।

''ਪੁੱਤਰੀ ਇਹ ਤਾਂ ਬਹੁਤ ਮੁਸ਼ਕਿਲ ਹੈ। ਅਸੰਭਵ ਹੈ।'' ਰਾਜੇ ਤੇ ਰਾਣੀ ਨੇ ਆਪਣੀ ਰਾਜ ਕੁਮਾਰੀ ਨੂੰ ਸਮਝਾਇਆ, ਪਰ ਰਾਜ ਕੁਮਾਰੀ ਆਪਣੇ ਫ਼ੈਸਲੇ 'ਤੇ ਦ੍ਰਿੜ ਸੀ। ਉਸਨੇ ਕਿਹਾ ਕਿ ਉਹ ਉਸ ਵਿਅਕਤੀ ਨਾਲ਼ ਹੀ ਵਿਆਹ ਕਰਵਾਏਗੀ, ਜਿਹੜਾ ਉਸਨੂੰ ਦਿਨ ਚੜ੍ਹਦੇ ਤੱਕ ਬਾਤ ਸੁਣਾਏਗਾ।

ਆਖ਼ਰ ਰਾਜਾ ਤੇ ਰਾਣੀ ਮੰਨ ਗਏ। ਉਹਨਾਂ ਨੇ ਰਾਜ ਵਿੱਚ ਢੰਡੋਰਾ ਫਿਰਵਾ ਦਿੱਤਾ ਕਿ ਜਿਹੜਾ ਵੀ ਰਾਜਕੁਮਾਰੀ ਨੂੰ ਪੂਰੀ ਰਾਤ, ਬਾਤ ਸੁਣਾਏਗਾ, ਰਾਜਕੁਮਾਰੀ ਉਸ ਨਾਲ਼ ਵਿਆਹ ਕਰਵਾ ਲਵੇਗੀ। ਦੂਜੇ ਰਾਜਾਂ ਦੇ ਰਾਜ ਕੁਮਾਰਾਂ ਨੂੰ ਚਿੱਠੀਆਂ ਭੇਜੀਆਂ ਗਈਆਂ।

''ਕੌਣ ਵਿਆਹ ਕਰਾਏਗਾ ਰਾਜ ਕੁਮਾਰੀ ਨਾਲ਼?'' ਰਾਜੇ ਨੇ ਰਾਣੀ ਨੂੰ ਕਿਹਾ।

ਇਸ ਸ਼ਰਤ ਵਿੱਚ ਦਿਨ ਚੜ੍ਹਦੇ ਤੱਕ ਬਾਤ ਨਾ ਸੁਣਾਉਣ ਵਾਲ਼ੇ ਨੂੰ ਸਜ਼ਾ ਸੀ। ਉਹ ਸਜ਼ਾ ਸੀ ਰਾਜ ਕੁਮਾਰੀ ਦਾ ਤਾਅ-ਉਮਰ ਗ਼ੁਲਾਮ ਬਣ ਕੇ ਰਹਿਣ ਦੀ।

ਕਈ ਰਾਜ ਕੁਮਾਰ ਤੇ ਸਿਆਣੇ ਨੌਜਵਾਨ ਬਾਤ ਸੁਣਾਉਣ ਆਏ, ਪਰ ਰਾਜ ਕੁਮਾਰੀ ਦੇ ਗ਼ੁਲਾਮ ਹੋ ਕੇ ਰਹਿ ਗਏ। ਕਈ ਵਰ੍ਹੇ ਬੀਤ ਗਏ।

ਇੱਕ ਦਿਨ ਕੀ ਹੋਇਆ। ਰਾਜ ਕੁਮਾਰੀ ਦਾ

ਇੱਕ ਗ਼ੁਲਾਮ ਮੋਢੇ ਤੇ ਜੁੱਤੀਆਂ ਦਾ ਝੋਲ਼ਾ ਰੱਖੀ ਜਾ ਰਿਹਾ ਸੀ। ਅੱਗਿਓਂ ਆਪਣੇ ਖੇਤ ਨੂੰ ਜਾ ਰਿਹਾ ਕਿਸਾਨ ਟੱਕਰ ਗਿਆ। ਕਿਸਾਨ ਗਾਲੜੀ ਸੀ। ਉਸਨੇ ਗੱਲਾਂ-ਗੱਲਾਂ ਵਿੱਚ ਰਾਜ ਕੁਮਾਰ ਤੋਂ ਸਾਰੀ ਵਿੱਥਿਆ ਪੁੱਛ ਲਈ।

ਕਿਸਾਨ ਨੇ ਕਿਹਾ, "ਮੈਂ ਤੈਨੂੰ ਆਜ਼ਾਦ ਕਰਾ ਸਕਦਾਂ।

ਰਾਜ ਕੁਮਾਰ ਨੇ ਪੁੱਛਿਆ ਕਿਵੇਂ?

ਬਾਤ ਸੂਰਜ ਚੜ੍ਹਨ ਤੱਕ ਸੁਣਾ ਕੇ।

ਅੱਛਾ...ਤੈਨੂੰ ਮੈਂ ਅੱਧਾ ਰਾਜ ਦੇ ਦੇਵਾਂਗਾ।

"ਲੈ ਚੱਲ ਮੈਨੂੰ...ਰਾਜ ਮਹਿਲ।" ਕਿਸਾਨ ਬੋਲਿਆ। ਉਹ ਰਾਜ ਦਰਬਾਰ ਵਿੱਚ ਜਾ ਪਹੁੰਚੇ।

ਸ਼ਰਤਨਾਮਾ ਲਿਖਿਆ ਗਿਆ।

ਕਿਸਾਨ ਬੋਲਿਆ, ਮੇਰੀ ਵੀ ਸ਼ਰਤ ਹੈ। ਸੂਰਜ ਚੜ੍ਹਦੇ ਤੱਕ ਬਾਤ ਸੁਣਾਊਂ। ਮੈਂ ਜਿੱਤ ਗਿਆ ਤਾਂ ਹੁਣ ਕੀਤੇ ਹੋਏ ਗ਼ੁਲਾਮ ਸਾਰੇ ਛੱਡਣੇ ਪੈਣਗੇ।"

ਕਿਸਾਨ ਦੀ ਸ਼ਰਤ ਰਾਜ ਕੁਮਾਰੀ ਨੇ ਮਨਜ਼ੂਰ ਕਰ ਲਈ। ਖਾਓ-ਪੀਓ ਤੋਂ ਬਾਅਦ, ਰਾਜ ਕੁਮਾਰੀ ਪਲੰਘ 'ਤੇ ਬੈਠ ਗਈ। ਦਰਬਾਰ ਸਜ ਗਿਆ। ਸਾਹਮਣੇ ਕੁਰਸੀ 'ਤੇ ਬੈਠ ਕੇ ਕਿਸਾਨ ਨੇ ਬਾਤ ਸ਼ੁਰੂ ਕਰ ਲਈ।

ਇੱਕ ਪਿੰਡ ਵਿੱਚ ਇੱਕ ਬੁੱਢੀ ਮਾਂ ਰਹਿੰਦੀ ਸੀ। ਉਸਦਾ ਇੱਕ ਪੁੱਤਰ ਸੀ। ਉਹ ਖੇਤੀ ਕਰਦਾ ਸੀ। ਉਸਨੇ ਖੇਤਾਂ ਵਿੱਚ ਬਾਜ਼ਰਾ ਤੇ ਜਵਾਰ ਬੀਜੀ ਹੋਈ ਸੀ। ਭਰਪੂਰ ਫ਼ਸਲ ਹੋਈ। ਹਰਾ ਜਵਾਰ ਬਾਜਰਾ ਖੇਤ 'ਚੋਂ ਲਿਆ ਕੇ ਉਹ ਆਪਣੀ ਗਾਂ ਨੂੰ ਪਾਉਂਦਾ, ਗਾਂ ਦੁੱਗਣਾ ਦੁੱਧ ਦਿੰਦੀ। ਰਾਜ ਕੁਮਾਰੀ ਹੁੰਗਾਰਾ ਭਰਦੀ ਰਹੀ। ਉਹ ਇੱਕ ਸ਼ਬਦ ਬੋਲਦੀ, 'ਫੇਰ...ਫੇਰ...ਫੇਰ...'

ਜਵਾਰ ਬਾਜਰਾ ਪੱਕ ਗਿਆ। ਵੱਢ ਕੇ ਕਿਸਾਨ ਨੇ ਗੁਹਾਰੇ ਲਾ ਦਿੱਤੇ। ਫੇਰ...

ਫੇਰ ਕੀ, ਕਿਸਾਨ ਨੇ ਬਾਜਰੇ ਤੇ ਜਵਾਰ ਦੇ ਸਿੱਟੇ ਡੁੰਗ ਲਏ ਤੇ ਘੋਟਣੇ ਨਾਲ਼ ਕੁੱਟ ਕੇ ਜਵਾਰ ਤੇ ਬਾਜਰੇ ਦੇ ਬੋਹਲ ਲਾ ਦਿੱਤੇ ਤੇ ਛੱਟਣ ਲੱਗ ਪਿਆ, ਕਿਸਾਨ ਮਿਹਨਤੀ ਸੀ, ਖ਼ੁਸ਼ ਸੀ। ਉਸਦੇ ਖੇਤ ਵਿੱਚ ਇੱਕ ਟਾਹਲੀ ਦਾ ਰੁੱਖ ਸੀ। ਉਸ ਰੁੱਖ ਉੱਤੇ ਇੱਕ ਆਲ੍ਹਣਾ ਸੀ, ਜਿਸ ਵਿੱਚ ਇੱਕ ਚਿੜੀ ਤੇ ਚਿੜਾ ਆਪਣੇ ਬੋਟਾਂ ਨਾਲ਼ ਰਹਿੰਦੇ ਸਨ। ਫੇਰ...

ਕਿਸਾਨ ਫੂਸ ਪੱਤਾ ਛੱਜ ਨਾਲ਼ ਛੱਟ ਕੇ ਜਵਾਰ ਬਾਜਰਾ ਸਾਫ਼ ਕਰ ਰਿਹਾ ਸੀ। ਫੇਰ...

ਚਿੜੀ ਆਉਂਦੀ ਬਾਜਰੇ ਦੇ ਦਾਣੇ ਚੁੰਝ 'ਚ ਭਰ ਕੇ ਉੱਡ ਜਾਂਦੀ। ਫੇਰ...ਫੇਰ ਕੀ?

ਚਿੜਾ ਆ ਜਾਂਦਾ, ਉਹ ਵੀ ਚੁੰਝ ਵਿੱਚ ਜਵਾਰ ਦੇ ਦਾਣੇ ਭਰ ਕੇ ਉੱਡ ਜਾਂਦਾ। ਆਲ੍ਹਣੇ 'ਚ ਚੋਗਾ ਖਾ ਕੇ ਬੋਟ ਚਹਿ-ਚਹਾਉਂਦੇ। ਕਿਸਾਨ ਖ਼ੁਸ਼ ਹੋ ਜਾਂਦਾ। ਫੇਰ...? ਰਾਜ ਕੁਮਾਰੀ ਬੋਲੀ।

ਫੇਰ ਚਿੜੀ ਆ ਜਾਂਦੀ...ਚੁੰਝ 'ਚ ਦਾਣੇ ਲੈ ਕੇ ਉੱਡ ਜਾਂਦੀ। ਅੱਗੇ ਕੀ ਹੋਇਆ? ਰਾਜ ਕੁਮਾਰੀ ਪੁੱਛਦੀ।

ਚਿੜਾ ਆ ਜਾਂਦਾ, ਚੁੰਝ 'ਚ ਦਾਣੇ ਭਰਕੇ ਆਲ੍ਹਣੇ 'ਚ ਜਾ ਬੈਠਦਾ।

"ਅੱਗੇ ਵੀ ਦੱਸ, ਅੱਗੇ ਕੀ ਹੋਇਆ?" ਇਸ ਵਾਰ ਰਾਜ ਕੁਮਾਰੀ ਤਲਖ਼ ਹੋ ਗਈ।

ਰਾਜ ਕੁਮਾਰੀ ਜੀ, ਚਿੜੀ ਫੇਰ ਆ ਗਈ।

ਚਿੜੀ-ਚਿੜੇ ਤੋਂ ਅੱਗੇ ਕੀ ਹੋਇਆ?

ਹੋਊਗਾ...ਰਾਜ ਕੁਮਾਰੀ ਜੀ, ਬਹੁਤ ਕੁਝ ਹੈ ਅੱਗੇ, ਪਰ ਬੋਹਲ ਤਾਂ ਹਿਲਿਆ ਈ ਨੀ। ਪਹਿਲਾਂ ਚਿੜਾ ਤੇ ਚਿੜੀ ਪੂਰਾ ਬੋਹਲ ਮੁਕਾਉਣਗੇ। ਫੇਰ, ਬਾਤ 'ਚ ਬਹੁਤ ਕੁਝ ਹੋਣਾ। ਤੁਸੀਂ ਸੁਣ ਕੇ ਹੁੰਗਾਰਾ ਭਰਦੇ ਜਾਓ। ਅੱਛਾ ਫੇਰ, ਰਾਜ ਕੁਮਾਰੀ ਰੋਣਹਾਕੀ ਹੋ ਕੇ ਬੋਲੀ।

ਜੀ ਫੇਰ ਚਿੜਾ ਦਾਣਿਆਂ ਦੀ ਚੁੰਝ ਭਰਕੇ ਲੈ ਗਿਆ, ਫੇਰ ਦੁਬਾਰਾ ਚਿੜੀ ਆ ਗਈ।

ਰਾਜ ਕੁਮਾਰੀ ਦਾ ਸਬਰ ਟੁੱਟ ਗਿਆ, ਉਹ ਚੁੱਪ ਹੋ ਗਈ, ਉਸਨੇ ਹਾਰ ਮੰਨ ਲਈ।

ਦਿਨ ਚੜ੍ਹ ਗਿਆ ਸੀ।

ਕਿਸਾਨ ਬੋਲ ਰਿਹਾ ਸੀ, ਹੁਣ ਚਿੜਾ ਤੇ ਚਿੜੀ ਆਪਣੇ ਬੱਚਿਆਂ ਸਮੇਤ ਬੋਹਲ 'ਤੇ ਆ ਬੈਠੇ। ਰਾਜ ਕੁਮਾਰੀ ਚੁੱਪ ਸੀ। ਕਿਸਾਨ ਬਾਤ ਸੁਣਾਈ ਜਾ ਰਿਹਾ ਸੀ।

ਮਹਿਲ ਦੇ ਝਰੋਖ਼ੇ ਵਿੱਚ ਸੂਰਜ ਦਾ ਚਾਨਣ ਕਿਸਾਨ ਦੇ ਮੂੰਹ 'ਤੇ ਪੈ ਰਿਹਾ ਸੀ।

ਰਾਜਾ ਤੇ ਰਾਣੀ ਖ਼ੁਸ਼ ਸਨ। ਉਹਨਾਂ ਨੇ ਉੱਠ ਕੇ ਕਿਸਾਨ ਨੂੰ ਗਲ਼ ਨਾਲ਼ ਲਾ ਲਿਆ।

ਸਾਰਾ ਕਮਰਾ ਚਾਨਣ ਨਾਲ਼ ਭਰ ਗਿਆ ਸੀ।



ਬਹਾਦਰ ਸਿੰਘ ਗੋਸਲ
98764-52223

# ਕਦੇ ਜ਼ਿੰਦਗੀ ਦੀ ਲੋਅ ਹੁੰਦੀ ਸੀ ਸ਼ੀਸ਼ੇਵਾਲ਼ੀ ਲਾਲਟੈਣ

ਕਦੇ ਸਮਾਂ ਹੁੰਦਾ ਸੀ ਕਿ ਅੱਜ ਵਾਂਗ ਥਾਂ-ਥਾਂ ਰੌਸ਼ਨੀ ਜਾਂ ਘਰ-ਘਰ ਬਿਜਲੀ ਦੇ ਲਾਟੂ ਨਹੀਂ ਸਨ ਹੁੰਦੇ। ਲੋਕਾਂ ਦਾ ਜੀਵਨ ਹਨ੍ਹੇਰੇ ਵਿੱਚ ਹੀ ਬਸਰ ਹੋ ਰਿਹਾ ਸੀ। ਹਾਂ, ਕੁਝ ਚਾਨਣ ਕੁਦਰਤ ਵੱਲੋਂ ਹੀ ਚੰਦ ਦੀ ਚਾਨਣੀ ਨਾਲ਼ ਪ੍ਰਾਪਤ ਹੋ ਜਾਂਦਾ ਸੀ, ਪਰ ਹਨ੍ਹੇਰੀਆਂ ਰਾਤਾਂ ਤਾਂ ਉਨ੍ਹਾਂ ਲਈ ਮੁਸ਼ਕਿਲਾਂ ਦਾ ਕਾਰਨ ਹੀ ਬਨਣੀਆਂ ਸਨ। ਘਰਾਂ ਦੇ ਅੰਦਰ ਉਹ ਹਨ੍ਹੇਰੇ ਵਿੱਚ ਹੀ ਹੱਥ-ਪੈਰ ਮਾਰਦੇ ਰਹਿੰਦੇ। ਜੇ ਅੱਜ ਅਸੀਂ ਉਸ ਸਮੇਂ ਬਾਰੇ ਸੋਚੀਏ ਤਾਂ ਅੰਦਾਜ਼ਾ ਵੀ ਨਹੀਂ ਲੱਗਦਾ ਕਿ ਉਹ ਲੋਕ ਰੋਸ਼ਨੀ ਤੋਂ ਬਿਨ੍ਹਾਂ ਕਿਸ ਤਰ੍ਹਾਂ ਆਪਣਾ ਜੀਵਨ ਗੁਜਾਰਦੇ ਹੋਣਗੇ। ਹਨ੍ਹੇਰੇ ਵਿੱਚ ਹਰ ਕੰਮ ਕਰਨਾ ਮੁਸ਼ਕਿਲ ਤਾਂ ਹੁੰਦਾ ਹੀ ਹੈ ਤਾਂ ਮਨੁੱਖੀ ਜੀਵਨ ਵਿੱਚ ਵੀ ਹਨ੍ਹੇਰਾ ਹੀ ਛਾਇਆ ਰਹਿੰਦਾ ਸੀ।

ਪਰ ਕਹਿੰਦੇ ਹਨ ਕਿ ''ਲੋੜ ਕਾਢ ਦੀ ਮਾਂ ਹੁੰਦੀ ਹੈ।'' ਇਸ ਲਈ ਕਿਸੇ ਰੌਸ਼ਨ ਦਿਮਾਗ ਵੱਲੋਂ ਦੀਵੇ ਦੀ ਕਾਢ ਕੱਢ ਲਈ ਗਈ ਅਤੇ ਮਨੁੱਖਾਂ ਨੂੰ ਆਪਣੇ ਨਿਵਾਸ ਤੇ ਰਾਤ ਸਮੇਂ ਚਾਨਣ ਦੀ ਕਿਰਨ ਦਿਖਾਈ ਦੇਣ ਲੱਗੀ ਅਤੇ ਇਸ ਦੀਵੇ ਦੀ ਲੋਅ ਵਿੱਚ ਮਨੁੱਖ ਕੁੱਝ ਛੋਟੇ ਮੋਟੇ ਕੰਮ ਕਰਨ ਲੱਗ ਪਿਆ। ਸ਼ੁਰੂ-ਸ਼ੁਰੂ ਵਿੱਚ ਕਿਸੇ ਕਟੋਰੀ ਜਾਂ ਠੂਠੀ ਵਿੱਚ ਤੇਲ ਪਾ ਕੇ ਰੂੰ ਦੀ ਬੱਤੀ ਰੱਖ ਕੇ ਦੀਵਾ ਜਗਾਇਆ ਜਾਂਦਾ ਸੀ। ਇਸ ਦੀਵੇ ਵਾਸਤੇ ਆਮ ਤੌਰ ਤੇ ਘਿਓ ਜਾਂ ਸਰੋਂ ਦੇ ਤੇਲ ਦਾ ਪ੍ਰਯੋਗ ਹੁੰਦਾ ਸੀ ਜੋ ਵਾਤਾਵਰਨ ਲਈ ਵੀ ਬਹੁਤ ਸ਼ੁੱਧ ਅਤੇ ਸੁਗੰਧੀਦਾਰ ਹੁੰਦਾ ਸੀ। ਸਭ ਤੋਂ ਵੱਡੀ ਗੱਲ ਤਾਂ ਇਹ ਹੁੰਦੀ ਸੀ ਕਿ ਇਸ ਦੀਵੇ ਨਾਲ਼ ਮਨੁੱਖ ਦੀ ਚਾਨਣ ਦੀ ਲੋੜ ਕੁਝ ਹੱਦ ਤੱਕ ਪੂਰੀ ਹੋਣ ਲੱਗੀ। ਹਰ ਵਸਦੇ ਘਰ ਵਿੱਚ ਰਾਤ ਨੂੰ ਇਹ ਦੀਵਾ ਹੀ ਜੀਵਨ ਦੀ ਨਿਸ਼ਾਨੀ ਬਣ ਜਾਂਦਾ ਸੀ। ਲੋਕਾਂ ਦਾ ਖ਼ਿਆਲ ਹੁੰਦਾ ਸੀ ਕਿ ਜਿੱਥੇ ਦੀਵਾ ਬਲਦਾ ਹੈ ਉੱਥੇ ਮਨੁੱਖ ਦਾ ਵਾਸਾ ਜ਼ਰੂਰ ਹੋਵੇਗਾ।

ਪੁਰਾਤਨ ਕਹਾਣੀਆਂ ਵਿੱਚ ਅਸੀਂ ਪੜ੍ਹਦੇ ਸੁਣਦੇ ਆਏ ਹਾਂ ਕਿ ਕਿਸ ਤਰ੍ਹਾਂ ਰਾਤ ਪੈਣ ਤੇ ਮੁਸਾਫ਼ਰ ਲੋਕ ਜਾਂ ਭੁੱਲੇ ਭਟਕੇ ਰਾਹੀ ਦੀਵੇ ਦਾ ਆਸਰਾ ਤੱਕ ਕੇ ਉੱਥੇ ਪਹੁੰਚ ਜਾਂਦੇ ਸਨ, ਪਰ ਉਦੋਂ ਆਬਾਦੀ ਘੱਟ ਹੁੰਦੀ ਸੀ ਅਤੇ ਕਹਾਣੀਆਂ ਅਨੁਸਾਰ ਬਾਰਾਂ-ਬਾਰਾਂ ਕੋਹਾਂ ਤੇ ਕਿਤੇ ਦੀਵਾ ਬਲ਼ਦਾ ਨਜ਼ਰ ਆਉਂਦਾ ਸੀ। ਪਰ ਭੁੱਲੇ ਭਟਕੇ ਮੁਸਾਫ਼ਰਾਂ ਲਈ ਇਹ ਚਾਨਣ-ਮੁਨਾਰਾ ਬਣ ਜਾਂਦਾ

ਸੀ ਅਤੇ ਇੱਕ ਤਰ੍ਹਾਂ ਨਾਲ਼ ਰਾਹ ਦਸੇਰੇ ਦਾ ਕੰਮ ਕਰਦਾ ਸੀ ਉਹ ਦੀਵਾ।

ਫਿਰ ਹੌਲ਼ੀ-ਹੌਲ਼ੀ ਦੀਵੇ ਦੇ ਰੂਪ ਵੀ ਬਦਲਦੇ ਗਏ। ਨਵੇਂ ਸਟੀਲ ਦੇ ਦੀਵੇ ਬਾਜ਼ਾਰਾਂ ਵਿੱਚ ਆਉਣ ਲੱਗੇ ਜਿਸ ਤੇ ਲੱਗੀ ਟੂੱਟੀ ਵਿੱਚ ਬੱਤੀ ਲਗਾ ਕੇ, ਦੀਵੇ ਵਿੱਚ ਤੇਲ ਦੀ ਮਦਦ ਨਾਲ਼ ਚਾਨਣ ਦਾ ਸੋਮਾ ਬਣਾਇਆ ਜਾਂਦਾ। ਸ਼ਾਮ ਨੂੰ ਸੂਰਜ ਦੇ ਛਿਪਣ ਤੋਂ ਬਾਅਦ ਹਨ੍ਹੇਰਾ ਹੁੰਦੇ ਹੀ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ਼ ਦੀਵਾ ਜਗਾਇਆ ਜਾਂਦਾ, ਹਰ ਪ੍ਰੀਵਾਰ ਵਿੱਚ ਦੀਵੇ ਦੀ ਮਹੱਤਤਾ ਨੂੰ ਸਮਝਦੇ ਹੋਏ ਇਸ ਨੂੰ ਪੂਜਣਯੋਗ ਸਮਝਿਆ ਜਾਂਦਾ ਅਤੇ ਸ਼ਰਧਾ ਨਾਲ਼ ਇਸ ਨੂੰ ਜੀ ਆਇਆਂ ਆਖਿਆ ਜਾਂਦਾ, ਕਈ ਸ਼ਰਧਾਵਾਨ ਲੋਕ ਤਾਂ ਦੀਵੇ ਨੂੰ ਬਾਲ ਕੇ ਨਮਸਕਾਰ ਕਰਦੇ। ਇਸੇ ਤਰ੍ਹਾਂ ਜਦੋਂ ਰਾਤ ਨੂੰ ਸੌਣ ਤੋਂ ਪਹਿਲਾ ਦੀਵਾ ਬੁਝਾਇਆ ਜਾਂਦਾ ਤਾਂ ਘਰ ਦੇ ਕਈ ਮੈਂਬਰ ਇਹ ਕਹਿੰਦੇ ਸੁਣੇ ਜਾਂਦੇ:

ਜਾਅ ਦੀਪਕ ਘਰ ਆਪਣੇ,
ਸੁੱਖ ਦੀ ਰੈਣ ਗੁਜਾਰ,
ਕੱਲ੍ਹ ਧਨ ਦੇ ਲਿਆਈਂ ਗੱਡੇ,
ਨਾਲ਼ੇ ਆਈਂ ਆਪ।

ਇਸ ਤਰ੍ਹਾਂ ਸਮੇਂ ਦੇ ਨਾਲ਼-ਨਾਲ਼ ਦੀਵੇ ਦਾ ਰੂਪ ਵੀ ਬਦਲਦਾ ਗਿਆ, ਥੋੜ੍ਹੀ ਸਮਾਜਿਕ ਤਰੱਕੀ ਹੋਣ ਦੇ ਨਾਲ਼ ਦੀਵੇ ਦੀ ਥਾਂ ਲਾਲਟੈਣ ਨੇ ਲੈ ਲਈ, ਜਿਸ ਵਿੱਚ ਸ਼ੀਸ਼ੇ ਦੀ ਚਿਮਨੀ ਲੱਗੀ ਹੁੰਦੀ ਸੀ। ਇਸ ਲਾਲਟੈਣ ਦਾ ਇਹ ਫ਼ਾਇਦਾ ਹੁੰਦਾ ਸੀ ਕਿ ਇਸ ਦੀ ਬੱਤੀ ਹਵਾ ਜਾਂ ਹਨ੍ਹੇਰੀ ਵਿੱਚ ਬੁੱਝਦੀ ਨਹੀਂ ਸੀ ਅਤੇ ਇਹ ਲਗਾਤਾਰ ਬਲਦੀ ਰਹਿੰਦੀ ਸੀ, ਚਿਮਨੀ ਸ਼ੀਸ਼ੇ ਦੀ ਹੋਣ ਕਾਰਨ ਚੰਗੀ ਰੋਸ਼ਨੀ ਵੀ ਦੇ ਦੇਂਦੀ ਸੀ, ਜਦੋਂ ਕਿ ਦੀਵਾ ਹਵਾ ਵਿੱਚ ਬੁੱਝ ਜਾਂਦਾ ਸੀ। ਦੂਜੇ ਲਾਲਟੈਣ ਨੂੰ ਵਧੀਆ ਹੈਂਡਲ ਹੋਣ ਕਾਰਨ ਇੱਕ ਥਾਂ ਤੋਂ ਦੂਜੀ ਥਾਂ ਚੁੱਕ ਕੇ ਲੈ ਜਾਣਾ ਵੀ ਸੌਖਾ ਹੁੰਦਾ ਸੀ। ਇਸ ਨੂੰ ਬਲ਼ਦੀ ਕਰਨ ਲਈ ਮਿੱਟੀ ਦੇ ਤੇਲ ਦੀ ਵਰਤੋਂ ਕੀਤੀ ਜਾਂਦੀ ਸੀ, ਜੋ ਲੋਕਾਂ ਨੂੰ ਆਪਣੇ ਘਰਾਂ ਵਿੱਚ ਰੱਖਣਾ ਪੈਂਦਾ ਸੀ, ਪਰ ਇਸ ਲਾਲਟੈਣ ਦੀ ਸ਼ੀਸ਼ੇ ਵਾਲ਼ੀ ਚਿਮਨੀ ਨੂੰ ਸਮੇਂ-ਸਮੇਂ ਤੇ ਸਾਫ਼ ਕਰਨਾ ਪੈਂਦਾ ਸੀ ਤਾਂ ਕਿ ਵੱਧ ਤੋਂ ਵੱਧ ਰੋਸ਼ਨੀ ਲਈ ਜਾ ਸਕੇ।

ਸ਼ੀਸ਼ੇ ਵਾਲ਼ੀ ਚਿਮਨੀ ਦਾ ਸਭ ਤੋਂ ਵੱਧ ਲਾਭ ਸਕੂਲਾਂ-ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਅਤੇ ਰਾਤ ਨੂੰ ਪਹਿਰਾ ਦੇਣ ਵਾਲੇ ਚੌਕੀਦਾਰਾਂ ਨੂੰ ਹੁੰਦਾ ਸੀ। ਰਾਤ ਸਮੇਂ ਹਨ੍ਹੇਰੀਆਂ ਗਲ਼ੀਆਂ ਵਿੱਚ ਚੌਕੀਦਾਰ ਇੱਕ ਹੱਥ ਸੋਟੀ ਅਤੇ ਦੂਜੇ ਹੱਥ ਸ਼ੀਸ਼ੇ ਵਾਲ਼ੀ ਲਾਲਟੈਣ ਲੈ ਕੇ ਚਲਦੇ ਦੇਖੇ ਜਾਂਦੇ ਸਨ। ਉਨ੍ਹਾਂ ਨੂੰ ਚਿਮਨੀ ਦੇ ਕਾਰਨ ਲਾਲਟੈਣ ਬੁਝਣ ਦਾ ਡਰ ਨਹੀਂ ਸੀ ਹੁੰਦਾ। ਇਸ ਤਰ੍ਹਾਂ ਸੋਟੀ ਅਤੇ ਚਿਮਨੀ ਵਾਲ਼ੀ ਲਾਲਟੈਣ ਚੌਂਕੀਦਾਰ ਦੇ ਪੱਕੇ ਮਿੱਤਰ ਬਣ ਗਏ ਸਨ। ਲਾਲਟੈਣ ਨੇ ਚੌਕੀਦਾਰ ਦੇ ਕੰਮ ਨੂੰ ਕਾਫੀ ਸੌਖਾ ਬਣਾ ਦਿੱਤਾ ਸੀ। ਇਸੇ ਤਰ੍ਹਾਂ ਵਿਦਿਆਰਥੀ ਵੀ ਲਾਲਟੈਣ ਦੀ ਰੋਸ਼ਨੀ ਦਾ ਅਨੰਦ ਲੈ ਪੜ੍ਹਨ ਵਿੱਚ ਮਸਤ ਹੋਣ ਲੱਗੇ। ਗ਼ਰਮੀ ਦੇ ਦਿਨਾਂ ਵਿੱਚ ਉਨ੍ਹਾਂ ਦੇ ਮਨਾਂ ਵਿੱਚ ਹਵਾ ਨਾਲ਼ ਦੀਵਾ ਬੁਝਣ ਦਾ ਡਰ ਖ਼ਤਮ ਹੋਣ ਨਾਲ਼ ਉਹ ਬਾਹਰ ਵਿਹੜਿਆਂ ਵਿੱਚ ਲਾਲਟੈਣ ਲੈ ਕੇ ਪੜ੍ਹਨ ਲੱਗੇ ਅਤੇ ਪੇਪਰਾਂ ਦੇ ਦਿਨਾਂ ਵਿੱਚ ਬੜੀ ਦੇਰ ਰਾਤ ਤੱਕ ਉਹ ਪੜ੍ਹਦੇ ਦੇਖੇ ਜਾਂਦੇ। ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਤਾਂ ਉਨ੍ਹਾਂ ਨੇ ਸ਼ਹਿਰਾਂ ਵਿੱਚ ਅਤੇ ਖ਼ਾਸ ਕਰਕੇ ਰੇਲਵੇ ਸਟੇਸ਼ਨਾਂ ਉੱਪਰ ਖ਼ੰਭੇ ਲਗਾ ਕੇ ਉੱਪਰ ਲਾਲਟੈਣ ਟਾਈਪ ਬੱਤੀਆਂ ਲਗਾ ਦਿੱਤੀਆਂ ਕਿਉਂਕਿ ਉਹ ਹਵਾ ਵਿੱਚ ਬੁੱਝਦੀਆਂ ਨਹੀਂ ਸਨ ਅਤੇ ਸਾਰੀ-ਸਾਰੀ ਰਾਤ ਚਾਨਣਾ ਦੇਂਦੀਆਂ ਸਨ। ਪਿੰਡਾਂ ਦੇ ਕਿਸਾਨ ਲੋਕ ਜਾਂ ਵਿਉਪਾਰੀ ਜਦੋਂ ਮਾਲ ਭਰਕੇ ਆਪਣੇ ਗੱਡੇ ਲੱਦ ਕੇ ਦੂਰ-ਦੂਰ ਜਾਂਦੇ ਸਨ ਤਾਂ ਉਹ ਬੜੇ ਸੁਵੱਖਤੇ ਚੱਲ ਪੈਂਦੇ ਅਤੇ ਹਨ੍ਹੇਰਾ ਹੋਣ ਕਰਕੇ ਉਹ ਆਪਣੇ ਗੱਡਿਆਂ ਹੇਠ ਲਾਲਟੈਣ ਲਟਕਾ ਲੈਂਦੇ। ਜਿੱਥੇ ਉਹ ਲਾਲਟੈਣ ਚਾਨਣ ਦਾ ਕੰਮ ਵੀ ਕਰਦੀ, ਉੱਥੇ ਹਨ੍ਹੇਰੇ ਵਿੱਚ ਇੰਡੀਕੇਟਰ ਦਾ ਕੰਮ ਵੀ ਦੇ ਜਾਂਦੀ। ਇਸ ਤਰ੍ਹਾਂ ਉਨ੍ਹਾਂ ਗੱਡੇ ਵਾਲਿਆਂ ਲਈ ਲਾਲਟੈਣ ਖ਼ਾਸ ਸਹੂਲਤ ਬਣ ਜਾਂਦੀ।

ਜਦੋਂ ਸਮੇਂ ਨੇ ਤਰੱਕੀ ਦਾ ਹੋਰ ਪੱਖ ਦੇਖਿਆ ਤਾਂ ਇਸ ਲਾਲਟੈਣ ਨੇ ਉਚੀ ਗੋਲ਼ ਚਿਮਨੀ ਵਾਲ਼ੇ ਲੈਂਪ ਦਾ ਰੂਪ ਲੈ ਲਿਆ। ਪੜ੍ਹਨੇ ਵਾਲ਼ੇ ਬੱਚਿਆਂ ਦੇ ਘਰਾਂ ਵਿੱਚ ਤਾਂ ਇਸ ਲੈਂਪ ਨੂੰ ਤਰਜੀਹ ਦਿੱਤੀ ਜਾਂਦੀ ਕਿਉਂਕਿ ਇਹ ਲਾਲਟੈਣ ਤੋਂ ਵੱਧ ਰੋਸ਼ਨੀ ਦੇਂਦਾ ਅਤੇ ਥੋੜ੍ਹਾ ਪ੍ਰਭਾਵਸ਼ਾਲੀ ਵੀ ਹੁੰਦਾ। ਉਨ੍ਹਾਂ ਦਿਨਾਂ ਵਿੱਚ ਜਿਸ ਘਰ ਕੋਈ ਲੈਂਪ ਆਉਂਦਾ ਤਾਂ ਉਹ ਬੱਚੇ ਦੂਜੇ ਦਿਨ ਸਕੂਲ ਵਿੱਚ ਦੱਸਦੇ ਫਿਰਦੇ ਕਿ ਉਨ੍ਹਾਂ ਦੇ ਘਰ ਵਧੀਆ ਲੈਂਪ ਆ ਗਿਆ ਹੈ ਅਤੇ ਹੁਣ ਉਹ ਰਾਤ ਨੂੰ ਖੂਬ ਪੜ੍ਹਿਆ ਕਰਨਗੇ। ਸੱਚ ਵਿੱਚ ਹੀ ਉਸ ਲੈਂਪ ਨੇ ਪਿੰਡਾਂ ਦੇ ਬੱਚਿਆਂ ਵਿੱਚ ਰਾਤ ਨੂੰ ਪੜ੍ਹਨੇ ਦੀ ਆਦਤ ਪਾ ਦਿੱਤੀ ਸੀ। ਰੋਸ਼ਨੀ ਲਈ ਭਾਂਵੇ ਦੀਵਾ, ਲਾਲਟੈਣ ਜਾਂ ਲੈਂਪ ਵਰਤੇ ਜਾਂਦੇ ਸਨ ਪਰ ਪੇਂਡੂ ਖੇਤਰ ਵਿੱਚ ਸਭ ਨੂੰ ਸਾਂਝਾ ਨਾਂ ਬੱਤੀ ਕਿਹਾ ਜਾਂਦਾ ਸੀ। ਇਸ ਲਈ ਰੋਸ਼ਨੀ ਪ੍ਰਾਪਤ ਕਰਨ ਲਈ ਪਿੰਡਾਂ ਦੇ ਲੋਕ ਕਿਸੇ ਨਾ ਕਿਸੇ ਬੱਤੀ ਦਾ ਪ੍ਰਯੋਗ ਕਰਦੇ।

ਇਸ ਕਰਕੇ ਹੀ ਪੰਜਾਬੀ ਸੱਭਿਆਚਾਰ ਵਿੱਚ ਇਸ ਬੱਤੀ ਨੇ ਜਾਂ ਦੀਵੇ ਨੇ ਖੂਬ ਆਪਣਾ ਸਥਾਨ ਬਣਾਇਆ ਅਤੇ ਬਹੁਤ ਕਮਾਲ ਦੇ ਗੀਤ, ਬੋਲੀਆਂ ਜਾਂ ਕਵਿਤਾਵਾਂ ਇਸ ਬੱਤੀ ਬਾਰੇ ਸੁਣਨ ਨੂੰ ਮਿਲਦੀਆਂ। ਜਿਵੇਂ ਇਹ ਗੀਤ ਹਰ ਪੰਜਾਬੀ ਦੀ ਜੁਬਾਨ ਉੱਤੇ ਹੁੰਦਾ ਸੀ:

ਬੱਤੀ ਬਾਲ ਕੇ ਬਨੇਰੇ ਉੱਤੇ ਰੱਖਦੀ ਆਂ,
ਘਰ ਭੁੱਲ ਨਾ ਜਾਵੇ ਚੰਨ ਮੇਰਾ।

ਸਾਡੇ ਤਿਉਹਾਰਾਂ ਵਿੱਚ ਵੀ ਦੀਵੇ ਦੀ ਵਿਸ਼ੇਸ਼ ਮਹੱਤਤਾ ਹੈ, ਦੀਵਾਲ਼ੀ ਦਾ ਤਿਉਹਾਰ ਸ੍ਰੀ ਰਾਮ ਚੰਦਰ ਜੀ ਦਾ ਬਨਵਾਸ ਤੋਂ ਬਾਅਦ ਅਯੁੱਧਿਆ ਪਰਤਣ ਤੇ ਦੀਪਮਾਲਾ ਕਰਕੇ ਮਨਾਇਆ ਗਿਆ ਸੀ। ਇਸੇ ਤਰ੍ਹਾਂ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲ਼ੀਅਰ ਦੇ ਕਿਲ੍ਹੇ ਵਿੱਚੋਂ ਆਜ਼ਾਦ ਹੋ ਕੇ ਅੰਮ੍ਰਿਤਸਰ ਪਹੁੰਚਣ ਤੇ ਆਗਮਨ ਦੀ ਖ਼ੁਸ਼ੀ ਵਿੱਚ ਦੀਪਮਾਲਾ ਕੀਤੀ ਗਈ ਸੀ ਜੋ ਪ੍ਰੰਪਰਾ ਅੱਜ ਤੱਕ ਜਾਰੀ ਹੈ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਬੱਚੇ ਗੜਬੜਿਆਂ ਦਾ ਤਿਉਹਾਰ ਬਹੁਤ ਖ਼ੁਸ਼ੀ ਨਾਲ਼ ਮਨਾਉਂਦੇ ਹਨ। ਉਹ ਆਪਣੇ ਗੜਬੜਿਆਂ ਵਿੱਚ ਦੀਵਾ ਬਾਲ ਕੇ ਰੱਖ ਕੇ ਘਰ-ਘਰ ਜਾ ਕੇ ਗੜਬੜੇ ਲਈ ਤੇਲ ਮੰਗਦੇ ਹਨ ਅਤੇ ਨਾਲ਼ ਹੀ ਗਾਉਂਦੇ ਜਾਂਦੇ ਹਨ:

ਅੱਜ ਚਾਨਣ-ਮਾਨਣ ਦੀ ਰਾਤ,
ਤੂੰ ਨੱਚ ਮੇਰੇ ਗੜਬੜਿਆ।

ਇਸੇ ਤਰ੍ਹਾਂ ਇਹ ਦੀਵੇ ਜਾਂ ਰੋਸ਼ਨੀ ਲਈ ਬੱਤੀ, ਲਾਲਟੈਣ ਸਾਡੇ ਸੱਭਿਆਚਾਰ ਦੀ ਰੰਗੀਨ ਕੜੀ ਬਣ ਗਏ ਸਨ। ਵਿਆਹ ਸ਼ਾਦੀਆਂ ਵਿੱਚ ਵਧੇਰੇ ਰੌਸ਼ਨੀ ਲਈ ਗੈਸਾਂ ਦੀ ਵਰਤੋਂ ਕੀਤੀ ਜਾਂਦੀ ਸੀ ਜਾਂ ਫਿਰ ਇਕੱਲਾ-ਦੁਕੱਲਾ ਵਿਅਕਤੀ ਬੈਟਰੀ ਨੂੰ ਚਾਨਣ ਲਈ ਵਰਤਦਾ ਸੀ। ਪਰ ਕਿਸੇ ਮੁੰਡੇ ਦੇ ਵਿਆਹ ਵਿੱਚ ਨਵੀਂ ਆਈ ਵਹੁਟੀ ਨੂੰ ਦੇਖਣ ਪਿੰਡ ਦੀਆਂ ਬਹੁਤ ਔਰਤਾਂ ਪਹੁੰਚਦੀਆਂ ਅਤੇ ਜੇ ਕੋਈ ਵਹੁਟੀ ਬਹੁਤ ਹੀ ਖ਼ੂਬਸੂਰਤ ਜਾਂ ਗੋਰੇ ਰੰਗ ਦੀ ਸੋਹਣੀ ਮੁਟਿਆਰ ਹੁੰਦੀ ਤਾਂ ਉਹ ਉਸ ਵਹੁਟੀ ਦੀ ਤਾਰੀਫ਼ ਕਰਦੀਆਂ ਹੋਈਆਂ ਕਹਿੰਦੀਆਂ:

ਹੁਣ ਬੰਦ ਕਰ ਦਿਓ ਗੈਸ, ਲਾਲਟੈਣਾਂ ਆਈ ਬਹੂ ਬੈਟਰੀ ਵਰਗੀ।

ਇਸ ਤਰ੍ਹਾਂ ਚਾਨਣ ਦਾ ਅਤੇ ਸੁਹੱਪਣ ਦਾ ਸਦੀਆਂ ਤੋਂ ਹੀ ਸੁਮੇਲ ਰਿਹਾ ਹੈ। ਜਿਸਨੇ ਸਾਡੇ ਵਿਰਸੇ ਅਤੇ ਸੱਭਿਆਚਾਰ ਨੂੰ ਹੀ ਰੋਸ਼ਨ ਨਹੀਂ ਕੀਤਾ, ਸਗੋਂ ਸਮਾਜਿਕ ਜੀਵਨ ਵਿੱਚ ਵੀ ਰੰਗ ਭਰ ਦਿੱਤੇ ਹਨ, ਪਰ ਅੱਜ ਕੱਲ ਤਾਂ ਉਹ ਦੀਵੇ, ਲਾਲਟੈਣਾਂ, ਗੈਸ ਸਭ ਅਲੋਪ ਹੀ ਹੋ ਗਏ ਹਨ। ਘਰ-ਘਰ ਬਿਜਲੀ ਆ ਜਾਣ ਨਾਲ਼ ਇੱਕ ਬਟਨ ਦੱਬਦਿਆਂ ਹੀ ਸਾਰਾ ਘਰ ਜਗਮਗਾ ਉੱਠਦਾ ਹੈ। ਵਿਆਹ-ਸ਼ਾਦੀਆਂ ਅਤੇ ਦੂਜੇ ਵੱਡੇ ਸਮਾਗਮਾਂ ਦੀ ਥਾਂ ਰੰਗ-ਬਰੰਗੀਆਂ ਲਾਇਟਾਂ ਦੀ ਭਰਮਾਰ ਹੁੰਦੀ ਹੈ, ਪਰ ਉਹ ਚਿਮਨੀ ਵਾਲ਼ੀ ਲਾਲਟੈਣ ਕਦੇ ਜ਼ਿੰਦਗੀ ਦੀ ਲੋਅ ਬਣ ਕੇ ਸਾਡੇ ਘਰ ਵਿੱਚ ਅਹਿਮ ਥਾਂ ਰੱਖਦੀ ਸੀ।

ਮਨਪ੍ਰੀਤ ਕੌਰ ਗਿੱਲ
97793-70017



# ਬੇਪ੍ਰਵਾਹੀਆਂ ਦੀ ਰੁੱਤ

ਐਤਵਾਰ ਦਾ ਨਾਂ ਸੁਣਦਿਆਂ ਹੀ ਅੰਦਰ ਖ਼ੁਸ਼ੀ ਨਾਲ਼ ਝੂਮ ਉੱਠਦਾ ਸੀ, ਸ਼ਨੀਵਾਰ ਹੀ ਰੌਲ਼ਾ ਪਾ ਦੇਣਾ ਕਿ ਭਲਕੇ ਐਤਵਾਰ ਈ ਓਏ, ਮੌਜਾਂ ਲੁੱਟਾਂਗੇ, ਨਾ ਕੋਈ ਸਕੂਲ ਦੇ ਕੰਮ ਦਾ ਫ਼ਿਕਰ, ਨਾ ਵਰਦੀ ਬਦਲਣ ਦਾ ਫ਼ਿਕਰ, ਗੱਲ ਕੀ ਐਤਵਾਰ ਆਉਣ ਦੀ ਖ਼ੁਸ਼ੀ 'ਚ ਸ਼ਨੀਵਾਰ ਵੀ ਅੱਧ ਪਚੱਧਾ, ਐਤਵਾਰ ਵਾਂਗ ਹੀ ਗੁਜ਼ਰ ਜਾਂਦਾ।

ਐਤਵਾਰ ਦਾ ਦਿਨ ਹੀ ਮਿਥਿਆ ਹੁੰਦਾ ਹਰ ਕੰਮ ਨੂੰ ਕਰਨ ਦਾ ਚਾਹੇ ਉਹ ਪਹਿਲਾਂ ਵਾਲ਼ਾ ਪਿਆ ਕੰਮ ਹੁੰਦਾ ਤੇ ਭਾਵੇਂ ਐਤਵਾਰ ਹੀ ਸ਼ੁਰੂ ਹੋਇਆ ਹੁੰਦਾ, ਪਰ ਮੁਕਾਉਣ ਦਾ ਟੀਚਾ ਉਸੇ ਦਿਨ ਦਾ ਹੀ ਹੁੰਦਾ, ਸ਼ੁਰੂ ਹੁੰਦਾ ਸਵੇਰੇ ਦੇਰ ਨਾਲ਼ ਉੱਠਣ ਤੇ ਘਿਓ ਦੀਆਂ ਨਾਲ਼ਾਂ ਸੁਣਨ ਤੋਂ ਸਿਰ ਨਹਾਉਣ ਤੇ ਜਿੱਦ ਕਰਨ ਤੇ ਮਾਂ ਦੁਆਰਾ ਜੂੜਾ, ਗੁੱਤ ਪੁੱਟ ਕੇ ਝਾਂਬੀ ਲਾਹੁਣ ਤੱਕ ਚੱਲਦਾ।

ਫਿਰ ਦੂਸਰੀ ਲੜੀ ਸ਼ੁਰੂ ਹੁੰਦੀ, ਟੀ.ਵੀ. ਦੇ ਕੁਝ ਕਾਲਪਨਿਕ ਨਾਟਕਾਂ ਤੋਂ, ਜੋ ਸਾਡੇ ਅੰਦਰ ਹਮੇਸ਼ਾ ਭੋਲੀ ਤੇ ਤਰਕ ਤੋਂ ਪਰ੍ਹੇ ਦੀ ਸੋਚ ਬਣਾ ਕੇ ਰੱਖਦਾ ਸਮਝਦਾਰੀ ਦੇ ਸ਼ਬਦਾਂ ਤੋਂ ਕੋਹਾਂ ਦੂਰ ਸਾਂ, ਕਿਤੇ ਦੂਰ ਅੰਬਰੀਂ ਉਡਾਰੀਆਂ ਮਾਰਦੇ। ਸ੍ਰੀ ਕ੍ਰਿਸ਼ਨਾ ਵੇਖਣ ਦੀ ਛੁੱਟੀ ਮਿਲਦੀ ਸੀ ਗੁਆਂਢੀਆਂ ਘਰ ਜਾ ਕੇ ਵੇਖਣ ਦੀ, ਪਰ ਘਰ ਤੋਂ ਪੈਰ ਪੁੱਟਦਿਆਂ ਹੀ ਪਰਿਵਾਰ ਦੇ ਮੈਂਬਰਾਂ ਦੀਆਂ ਛੇਤੀ ਘਰ ਆਉਣ ਦੀਆਂ ਗੱਲਾਂ ਘਰ 'ਚ ਹੀ ਭੁੱਲ ਜਾਇਆ ਕਰਦੇ ਤੇ ਟੀ ਵੀ ਤੇ ਚੱਲਦੇ ਹੋਰ ਪ੍ਰੋਗਰਾਮ ਵੀ ਵੇਖੀ ਜਾਣੇ, ਭਾਵੇਂ ਸਮਝੋਂ ਬਾਹਰ ਹੀ ਹੁੰਦੇ। ਜਦੋਂ ਉੱਧਰ ਚਾਚੇ ਕੇ ਬੱਚਿਆਂ ਦੇ ਵੀ ਪੈਣੀਆਂ ਸ਼ੁਰੂ ਹੋਣੀਆਂ ਕਿ ਚੱਲੋ ਸਿਰ ਨਹਾਓ, ਟੀ, ਵੀ ਬੰਦ ਕਰੋ ਤਾਂ ਜਾ ਕੇ ਸਾਨੂੰ ਵੀ ਚੇਤਾ ਆਉਣਾ ਕਿ ਘਰ ਛੇਤੀ ਆਉਣ ਲਈ ਕਿਹਾ ਸੀ।

ਘਰ ਆਉਂਦਿਆਂ ਹੀ ਝੜੀ ਲੱਗ ਜਾਂਦੀ ਆ ਗਿਆ ਚੇਤਾ ਪੁੱਤ ਟੀ.ਵੀ. ਤੋਂ ਕੁਝ ਨੀ ਮਿਲਣਾ, ਚਾਰ ਅੱਖ਼ਰ ਪੜ੍ਹ ਲਿਆ ਕਰੋ, ਕੰਮ ਆਉਣਗੇ, ਇੱਕ ਕੰਨ ਸੁਣ ਦੂਜੇ ਕੱਢ ਦੇਣਾ ਤੇ ਤ੍ਰਿਕਾਲਾਂ ਨੂੰ ਚੱਲਣ ਵਾਲ਼ੀ ਕਿਸੇ ਹਿੰਦੀ ਫਿਲਮ ਨੂੰ ਵੇਖਣ ਜਾਣ ਦੀਆਂ ਲੁਕ-ਲੁਕ ਸਕੀਮਾਂ ਲਾਉਣੀਆਂ, ਭਾਵੇਂ ਇਹ ਪਤਾ ਨਹੀਂ ਸੀ ਕਿ ਉਸ ਵਿੱਚ ਚੰਗਾ ਬੁਰਾ ਕੀ ਹੈ।

4 ਵੱਜਦੇ ਹੀ ਚਾਚੇ ਘਰ ਨੂੰ ਫਿਰ ਤੁਰ ਜਾਣਾ, ਅੱਗੇ ਉਹ ਵੀ ਉਡੀਕ 'ਚ ਹੁੰਦੇ ਆਜੋ ਆਜੋ ਅੱਜ ਫਲਾਣੀ ਫ਼ਿਲਮ ਆਉਣੀ। ਫਿਲਮ ਵੇਖਣ 'ਚ ਵੀ ਬਹੁਤਾ ਸਮਾਂ ਨਾ ਲਾਉਂਦੇ ਵਿੱਚੇ ਛੱਡ ਗਲ਼ੀਆਂ 'ਚ ਹੀ

ਖੇਡਣ ਤੁਰ ਜਾਣਾ, ਮਾਵਾਂ ਵੀ ਚੰਗੇ ਸਮੇਂ ਦੇ ਪ੍ਰਭਾਵ ਅਧੀਨ ਹੋਣ ਕਰਕੇ ਘੱਟ ਹੀ ਮਗਰ ਆਉਂਦੀਆਂ, ਸਗੋਂ ਪਤਾ ਹੋਣ ਤੇ ਵੀ ਕੇ ਗਲ਼ੀਆਂ 'ਚ ਤੁਰੇ ਫਿਰਦੇ ਹੋਣੇ, ਤਾਂ ਵੀ ਸਤਾਏ ਜਾਣ ਦੇ ਡਰੋਂ ਅਵਾਜ਼ ਹੀ ਉਦੋਂ ਮਾਰਦੀਆਂ ਜਦੋਂ ਰੋਟੀ ਪਕਾ ਲੈਂਦੀਆਂ, ਆਪਾਂ ਵੀ ਅਵਾਜ਼ ਮਾਰੀ ਦੇ ਕਿੰਨੇ ਚਿਰ ਬਾਅਦ ਆਉਂਦੇ।

ਫਿਰ ਰੋਟੀ ਖਾਣ ਸਮੇਂ ਪੁੱਛ ਬੈਠਦੇ ਕਿ ਕਾਹਦੀ ਸਬਜ਼ੀ, ਜੇ ਨਾਪਸੰਦ ਹੁੰਦੀ ਤਾਂ ਕਹਿ ਦਿੰਦੇ ਮੈਂ ਨੀ ਖਾਣੀ ਖੂਣੀ, ਕਦੇ ਤਾਂ ਚਾਚੇ-ਤਾਏ ਕਿਆਂ ਤੋਂ ਪੁੱਛ ਲੈਣੀ ਜੇ ਉਹ ਵੀ ਉਹੋ ਹੁੰਦੀ ਤਾਂ ਮਾਂ ਨੇ ਕਹਿਣਾ ਖਾ ਡੱਫ਼ ਲੈ, ਹੋਰ ਕਿੱਥੋਂ ਬਣਾ ਦਿਆਂ, ਸਾਰਾ ਦਿਨ ਦੀ ਤਪੀ ਖਪੀ ਮਾਂ ਸੌ ਦੀ ਇੱਕ ਸੁਣਾ ਤੁਰਦੀ ਬਣਦੀ। ਫਿਰ ਵੀ ਅੰਦਰ ਹੀ ਅੰਦਰ ਇਹ ਸੋਚਦੀ ਕਿ ਮੇਰਾ ਪੁੱਤ ਧੀ ਭੁੱਖਾ ਸੌਂ ਜਾਊ, ਕੋਈ ਨਾ ਕੋਈ ਜੁਗਾੜ ਕਰ ਹੀ ਲੈਂਦੀ, ਪਰ ਇਹ ਨਹੀਂ ਸੋਚਿਆ ਸੀ ਕਿ ਕਰਜ਼ ਉਤਾਰੇ ਨਹੀਂ ਜਾਣੇ, ਬਾਲੜੀ ਉਮਰ ਹੋਣ ਕਰਕੇ ਸਭ ਭੁੱਲ ਭੁਲਾ ਜਾਂਦੇ।

ਬੜਾ ਹੀ ਭਲਾ ਜ਼ਮਾਨਾ ਸੀ, ਸੁਹਣੇ ਖੇਡਣ ਦੇ ਦਿਨ ਹੁੰਦੇ, ਖੇਡਾਂ ਵੀ ਨਿਆਰੀਆਂ, ਲੋਕ ਵੀ ਭਲੇ ਸਨ, ਪਤਾ ਨਹੀਂ ਕਿੱਧਰੇ ਗੁਆਚ ਗਏ ਇਹ ਸਭ, ਸਿੱਧੀਆਂ, ਸਾਦੀਆਂ ਖੇਡਾਂ, ਬੋਲੀਆਂ ਗੱਲਾਂ ਜਿਨ੍ਹਾਂ ਨੂੰ ਤਰਕ ਦੀ ਜਾਗ ਨਹੀਂ ਲੱਗੀ ਸੀ, ਇਹ ਰੁੱਤਾਂ ਕਿੱਧਰ ਗੁਆਚ ਗਈਆਂ। ਉਹ ਆਜ਼ਾਦ ਐਤਵਾਰ ਕਿਸੇ ਨੇ ਚੋਰੀ ਕਰ ਲਿਆ, ਸ਼ਾਇਦ ਇਹ ਤਰਕ ਹੈ, ਸਿਆਣਪ ਹੈ ਜਿਸਨੇ ਸਾਥੋਂ ਭੋਲ਼ਾ ਸਮਾਂ ਖੋਹ ਲਿਆ, ਕਿਉਂ ਕਿ ਅਸੀਂ ਉਸ ਸਮੇਂ 'ਚ ਰੇਡੀਓ ਤੇ ਆਉਂਦੀ ਅਵਾਜ਼ ਨੂੰ ਤਸਵੀਰ ਦੇ ਰੂਪ ਚ ਲੱਭਣ ਦੀ ਕੋਸ਼ਿਸ਼ ਕਰਦੇ, ਟੀ, ਵੀ ਦੀ ਕਲਪਨਾ 'ਚ ਘੁੰਮਦੇ ਕਿ ਜੋ ਵੀ ਵਿੱਚ ਹੈ, ਉਹ ਸੱਚ ਹੈ, ਤੇ ਅਸੀਂ ਬਹੁਤ ਖ਼ੁਸ਼ ਹੁੰਦੇ, ਪਰ ਤਰਕ ਜਦੋਂ ਦਾ ਜ਼ਿੰਦਗੀ 'ਚ ਆਇਆ ਅਸੀਂ ਤੇ ਇੱਕ ਦਿਨ ਦੇ ਵੀ ਹੋ ਕੇ ਸਿਆਣੀ ਉਮਰ ਦੇ ਪੱਕੇ ਦਾਦੇ ਬਣ ਬੈਠੇ ਹਾਂ, ਸਾਡੀ ਖ਼ੁਸ਼ੀ, ਭੋਲਾਪਨ ਉਦੋਂ ਗੁਆਚ ਗਿਆ ਜਦੋਂ ਸਾਨੂੰ ਇਹ ਜਾਣਕਾਰੀ ਮਿਲਣ ਲੱਗੀ ਕਿ ਰੇਡੀਓ ਵਾਲ਼ੀ ਅਵਾਜ਼ ਇੱਕ ਹਵਾ ਹੀ ਹੁੰਦੀ, ਉਹ ਹੋਰ ਕੁਝ ਨਹੀਂ, ਬਸ ਉਦੋਂ ਹੀ ਮਨ ਦੀ ਅਵਸਥਾ ਜੋ ਕਲਪਨਾ ਰਾਹੀਂ ਉੱਚੀ ਉੱਡਦੀ ਸੀ, ਇੱਕ ਦਮ ਹੇਠਾਂ ਡਿੱਗ ਦਮ ਤੋੜ ਗਈ ਜੋ, ਮੁੜ ਨਾ ਉੱਠੀ ਤੇ ਅਸੀਂ ਸਿਆਣਿਆਂ ਦੀ ਦੁਨੀਆ 'ਚ ਪੈਰ ਧਰਨ ਲੱਗੇ।

ਬੇਪਰਵਾਹ ਹਾਸੇ, ਕਾਲਪਨਿਕ ਕਹਾਣੀਆਂ, ਦੂਜਿਆਂ ਨੂੰ ਆਵਾਜ਼ਾਂ ਮਾਰ-ਮਾਰ ਹਫ਼ਤੇ ਬਾਅਦ ਆਉਂਦੀ ਪੰਜਾਬੀ ਫ਼ਿਲਮ ਲਈ ਗਲ਼ੀ ਦੇ ਨਿਆਣਿਆਂ ਨੂੰ ਇੱਕੱਠੇ ਕਰਨ ਦਾ ਚਾਅ, ਜਿੱਧਰ ਟੀ, ਵੀ ਵੇਖਣਾ ਉੱਧਰ ਹੀ ਰੋਟੀ ਖਾ ਲੈਣ ਦਾ ਆਨੰਦ ਸਭ ਤਰਕ, ਵਿਦਵਾਨੀ ਦੀ ਚਾਦਰ ਵਿੱਚ ਵਲ੍ਹੇਟ ਕੇ ਰਹਿ ਗਏ।

ਜਦੋਂ ਸਾਡੇ ਇਕੱਲੇ-ਇਕੱਲੇ ਦੇ ਘਰ ਟੀ.ਵੀ. ਆ ਗਿਆ, ਕੇਵਲ, ਡਿਸ਼ ਟੀ.ਵੀ. ਨੇ ਐਨਟੀਨਾ, ਏਰੀਅਲ ਦੀ ਥਾਂ ਲੈ ਲਈ ਤੇ ਅਸੀਂ ਇੰਵ ਮਹਿਸੂਸ ਕਰਨ ਲੱਗੇ ਜਿਵੇਂ ਦੁਨੀਆ ਦੇ ਸਭ ਤੋਂ ਖ਼ੁਸ਼ ਲੋਕ ਹਾਂ, ਚੈਨਲ ਦੀ ਚੋਣ ਹੋਣ ਲੱਗੀ, ਪਰ ਟਿਕਾਅ ਸਾਨੂੰ ਕਿਸੇ ਦਾ ਨਹੀਂ ਸੀ, ਉਹ ਆਨੰਦ ਜੋ ਐਨਟੀਨਾ ਘੁੰਮਾਉਣ ਜਾਣ ਤੇ ਉੱਤੋਂ ਹੁਣ ਸਹੀ ਆ ਹੁਣ ਸਹੀ ਆ ਦਾ ਰੌਲ਼ਾ ਪਾ ਕੇ ਪੁੱਛਣਾ ਤੇ ਫਿਰ ਭੱਜ ਕੇ ਥੱਲੇ ਆਉਣਾ ਕਿ ਕਿੱਧਰੇ ਫ਼ਿਲਮ ਖ਼ਤਮ ਹੀ ਨਾ ਹੋਜੇ ਦਾ ਆਨੰਦ ਤੇ ਕਿਤੇ ਵੀ ਨਾ ਰਿਹਾ।

ਐਤਵਾਰ ਮਾਂ ਦੁਆਰਾ ਜ਼ੋਰ-ਜ਼ੋਰ ਦੀ ਵਾਲ਼ੋਂ ਫੜ ਕੇ "ਚੱਲ ਤੇਰੇ ਜੁੰਡੇ ਨੁਹਾਵਾਂ" ਤੇ ਫਿਰ ਵਾਲ਼ ਸੁੱਕ ਜਾਣ ਤੇ ਤੇਲ ਲਾਉਣਾ, ਅੜਕਾਂ ਕੱਢ-ਕੱਢ, ਕੱਸ-ਕੱਸ ਕੇ ਵਾਲ਼ ਵਾਹੁਣੇ ਤੇ ਹੁਣ ਰੀਝ ਬਣ ਕੇ ਰਹਿ ਗਏ, ਜੀ ਕਰਦਾ ਕਿ ਹੁਣ ਵੀ ਕੋਈ ਝੱਸ-ਝੱਸ ਕੇ ਤੇਲ ਲਾਵੇ ਤੇ ਸਰੂਰ ਜਿਹਾ ਆਉਣ ਲੱਗ ਜਾਵੇ, ਪਰ ਹੁਣ ਇਹ ਸੁੱਕੇ ਵਾਲਾਂ ਦੇ ਡਿਜ਼ਾਇਨ ਵਧੀਆ ਬਣਨ ਦੇ ਕਰਕੇ ਇਹ ਰੀਝ ਵੀ ਅਲੋਪ ਹੋ ਗਈ। ਬਸ ਫਿਰ ਸਾਡਾ ਬਚਪਨ ਦਾ ਐਤਵਾਰ ਵੀ ਸਿਆਣਿਆਂ ਨਾਲ਼ ਹੱਥ ਮਿਲਾਉਣ ਲੱਗਾ ਤੇ ਅਸੀਂ ਉਦਾਸੇ ਹੋਏ ਦਿਨ ਲੈ ਕੇ ਉਦੋਂ ਦੇ ਸਿਆਣੇ ਹਾਸੇ ਹੱਸਣ ਲੱਗੇ, ਜੋ ਕਿ ਅੱਜ ਵੀ ਬਰਕਰਾਰ ਨੇ, ਜੋ ਹੰਢਾ ਤੇ ਰਹੇ ਹਾਂ, ਪਰ ਮੁਰਝਾਏ ਬਣ ਕੇ, ਪਤਾ ਨਹੀਂ ਕਿੱਧਰ ਗੁਆਚ ਗਿਆ ਮੇਰਾ, ਤੇਰਾ ਤੇ ਸਭ ਦਾ ਇਹ ਕਾਲਪਨਿਕ ਐਤਵਾਰ।



# ਸਾਇੰਸ ਮੇਲਾ

ਦਰਸ਼ਨ ਸਿੰਘ ਬਨੂੜ
98726-85400

ਸਕੂਲ ਵਿੱਚ ਸਾਡੇ ਸਾਇੰਸ ਮੇਲਾ ਲੱਗਿਆ,
ਕਿੰਨੀਆਂ ਗੱਲਾਂ ਦਾ ਸਾਨੂੰ ਪਤਾ ਲੱਗਿਆ।

ਕਿੰਨੀਆਂ ਸਰੀਰ ਵਿੱਚ ਹੋਣ ਹੱਡੀਆਂ,
ਕਿੰਨੀਆਂ ਨੇ ਛੋਟੀਆਂ ਤੇ ਕਿੰਨੀਆਂ ਵੱਡੀਆਂ।

ਸਰੀਰ ਵਿੱਚ ਦਿਲ ਸਾਡਾ ਕਿਵੇਂ ਚੱਲਦਾ,
ਖ਼ੂਨ ਸਾਫ਼ ਕਰ ਕਿਵੇਂ ਅੱਗੇ ਘੱਲਦਾ।

ਅੱਖਾਂ, ਨੱਕ, ਕੰਨ ਕਿਵੇਂ ਕੰਮ ਕਰਦੇ,
ਖ਼ੂਨ ਵਿੱਚ ਕਣ ਕਿਵੇਂ ਰਹਿਣ ਭਰਦੇ।

ਨਿੱਕੀਆਂ ਬਾਰੀਕ ਕਿੰਨੀਆਂ ਹੀ ਨਾੜੀਆਂ,
ਜਦੋਂ ਪਤਾ ਲੱਗਾ ਬੱਚਿਆਂ ਵਜਾਈਆਂ ਤਾੜੀਆਂ।

ਵਧਦਾ ਸਰੀਰ ਦਾ ਹੈ ਕਿਵੇਂ ਵੇਟ ਜੀ,
ਕਿਵੇਂ ਖਾਧੇ-ਪੀਤੇ ਨੂੰ ਪਚਾਵੇ ਪੇਟ ਜੀ।

ਸਾਰੇ ਅੰਗਾਂ ਬਾਰੇ ਦੱਸਿਆ ਸੀ ਬੋਲ ਕੇ,
ਰੱਖਤੇ ਦਿਮਾਗ਼ ਵਾਲ਼ੇ ਤਾਲ਼ੇ ਖੋਲ੍ਹ ਕੇ।

ਚਾਰਟ ਵੀ ਬਣਾਕੇ ਅਸੀਂ ਲਾਏ ਕੰਧ 'ਤੇ।
ਮਾਡਲ ਬਣਾ ਕੇ ਕਈ ਟੰਗੇ ਕੰਧ 'ਤੇ।

ਸਾਇੰਸ ਬਾਰੇ ਹੋਰ ਕਈ ਜਾਣਕਾਰੀਆਂ,
ਸੌਖੇ ਢੰਗ ਨਾਲ਼ ਸਮਝਾਈਆਂ ਸਾਰੀਆਂ।

ਕਈ ਭੇਤ ਦੱਸੇ ਅੰਬਰਾਂ ਤੋਂ ਪਾਰ ਦੇ,
ਰਾਕਟ ਅੰਤਰਿਕਸ਼ 'ਚ ਕਿਵੇਂ ਨੇ ਉਤਾਰ ਦੇ।

ਬੜਾ ਹੈ ਜ਼ਰੂਰੀ ਸਾਇੰਸ ਬਾਰੇ ਜਾਨਣਾ,
ਸਾਇੰਸ ਹੀ ਦਿਖਾਉਂਦੀ ਸਾਨੂੰ ਨਵਾਂ ਚਾਨਣਾ।

ਸੌਖੇ ਜਿਹੇ ਤਰੀਕੇ ਨਾਲ਼ ਸਾਨੂੰ ਸਮਝਾਇਆ,
ਸਾਇੰਸ ਬਾਰੇ ਜਾਣ ਕੇ ਸੀ ਬੜਾ ਮਜ਼ਾ ਆਇਆ।



# ਸਾਡੇ ਦੁੱਖ-ਸੁੱਖ ਦੇ ਸਾਥੀ ਰੁੱਖ਼

ਮਾ.ਸੰਜੀਵ ਧਰਮਾਣੀ
94785-61356

ਕੁਦਰਤ ਦਾ ਮਨੁੱਖ ਦੇ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ। ਇਸ ਤੋਂ ਬਿਨਾਂ ਅਸੀਂ ਮਨੁੱਖ ਦੇ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦੇ। ਰੁੱਖ਼ਾਂ ਦਾ ਮਨੁੱਖ ਦੇ ਜੀਵਨ ਵਿੱਚ ਬਹੁਤ ਉਪਯੋਗ ਹੈ। ਇਸ ਨੂੰ ਕਲਮਬੱਧ ਕਰਨਾ ਸ਼ਾਇਦ ਬਹੁਤ ਔਖਾ ਹੈ। ਰੁੱਖ਼ਾਂ ਦੇ ਸਾਨੂੰ ਅਨੇਕਾਂ ਲਾਭ ਹਨ, ਜਿਵੇਂ ਕਿ ਸਭ ਤੋਂ ਪਹਿਲਾਂ ਰੁੱਖ਼ ਸਾਨੂੰ ਪ੍ਰਾਣਵਾਯੂ ਆਕਸੀਜਨ ਪ੍ਰਦਾਨ ਕਰਦੇ ਹਨ। ਜੋ ਕਿ ਹਰ ਜੀਵ-ਜੰਤੂ ਪ੍ਰਾਣੀ ਦੇ ਜਿਊਣ ਦੇ ਲਈ ਬਹੁਤ ਜ਼ਰੂਰੀ ਹੈ। ਰੁੱਖ਼ ਪੰਛੀਆਂ ਦੇ ਰਹਿਣ ਬਸੇਰੇ ਦਾ ਵੀ ਸਾਧਨ ਬਣ ਕੇ ਫ਼ਰਜ਼ ਨਿਭਾਉਂਦੇ ਹਨ। ਇਨ੍ਹਾਂ ਤੋਂ ਸਾਨੂੰ ਠੰਢੀ ਮਿੱਠੀ ਛਾਂ, ਗੂੰਦ, ਰਬੜ, ਸੁੰਦਰ ਦਿਖਾਈ ਦੇਣ ਵਾਲੇ ਰੰਗ-ਬਿਰੰਗੇ ਭਾਂਤ-ਭਾਂਤ ਦੇ ਫੁੱਲ, ਸਾਨੂੰ ਤੰਦਰੁਸਤ ਸਿਹਤਮੰਦ ਰੱਖਣ ਵਾਲੇ ਫ਼ਲ, ਤਰ੍ਹਾਂ-ਤਰ੍ਹਾਂ ਦੀਆਂ ਜੜ੍ਹੀ ਬੂਟੀਆਂ ਆਦਿ। ਵੈਦ ਹਕੀਮ ਤਾਂ ਵੱਖ-ਵੱਖ ਰੁੱਖ਼ਾਂ ਤੋਂ ਮਨੁੱਖ ਦੇ ਰੋਗਾਂ ਨੂੰ ਦੂਰ ਕਰਨ ਲਈ ਦਵਾਈਆਂ ਵੀ ਬਣਾਉਂਦੇ ਹਨ। ਰੁੱਖ਼ਾਂ ਤੋਂ ਸਾਨੂੰ ਵੱਖ-ਵੱਖ ਤਰ੍ਹਾਂ ਦੇ ਤੇਲ, ਉਪਯੋਗੀ ਲੱਕੜ, ਬਾਲਣ, ਮਵੇਸ਼ੀਆਂ ਦੇ ਲਈ ਹਰਾ ਚਾਰਾ, ਸ਼ਹਿਦ, ਚੰਦਨ, ਤੇਲ ਆਦਿ ਪ੍ਰਾਪਤ ਹੁੰਦਾ ਹੈ। ਰੁੱਖ਼ ਜਿੱਥੇ ਵਰਖ਼ਾ ਲਿਆਉਣ ਵਿੱਚ ਸਹਾਈ ਹੁੰਦੇ ਹਨ, ਉੱਥੇ ਹੀ ਧਰਤੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਅਤੇ ਪੌਣ-ਪਾਣੀ ਨੂੰ ਸ਼ੁੱਧ ਅਤੇ ਕੁਦਰਤ ਦਾ ਸੰਤੁਲਨ ਬਣਾਈ ਰੱਖਣ ਵਿੱਚ ਵੀ ਮਹੱਤਵਪੂਰਨ ਰੋਲ਼ ਅਦਾ ਕਰਦੇ ਹਨ। ਜੇਕਰ ਅਸੀਂ ਵੱਖ-ਵੱਖ ਰੁੱਖ਼ਾਂ ਦੇ ਕੋਲ਼ ਜਾ ਕੇ ਠੰਢੀ ਤਾਜ਼ੀ ਹਵਾ ਦਾ ਲੁਤਫ਼ ਉਠਾਈਏ ਤਾਂ ਇਸ ਤੋਂ ਸਾਨੂੰ ਸਕਾਰਾਤਮਕਤਾ ਊਰਜਾ ਮਿਲਦੀ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਤਰ੍ਹਾਂ ਸਾਡੀ ਰੋਗ ਪ੍ਰਤੀਰੋਧਕ ਸ਼ਕਤੀ ਵੀ ਮਜ਼ਬੂਤ ਹੁੰਦੀ ਹੈ। ਰੁੱਖ਼ ਸਾਨੂੰ ਸੂਰਜ ਤੋਂ ਪ੍ਰਾਪਤ ਹੋਣ ਵਾਲ਼ੀ ਹਾਨੀਕਾਰਕ ਅਲਟਰਾ ਵਾਇਲਟ ਕਿਰਨਾਂ ਤੋਂ ਵੀ ਬਚਾਉਂਦੇ ਹਨ। ਇਹ ਸ਼ੋਰ ਪ੍ਰਦੂਸ਼ਣ ਅਤੇ ਵਾਯੂ ਪ੍ਰਦੂਸ਼ਣ ਨੂੰ ਰੋਕਣ ਅਤੇ ਘਟਾਉਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ।

ਰੁੱਖ਼ ਵੱਖ-ਵੱਖ ਜਾਨਵਰਾਂ, ਜੰਗਲ਼ੀ ਜਾਨਵਰਾਂ, ਪੰਛੀਆਂ ਪਰਿੰਦਿਆਂ ਅਤੇ ਹੋਰ ਭਾਂਤ-ਭਾਂਤ ਦੀਆਂ ਪ੍ਰਜਾਤੀਆਂ ਨੂੰ ਲੁਪਤ ਹੋਣ ਤੋਂ ਬਚਾਈ ਰੱਖਦੇ ਹਨ। ਇਸ ਤਰ੍ਹਾਂ ਕੁਦਰਤੀ ਸੰਤੁਲਨ ਬਣਾਈ ਰੱਖਣ ਵਿੱਚ ਰੁੱਖ਼ਾਂ ਦੀ ਬਹੁਤ ਵੱਡੀ ਅਤੇ ਅਹਿਮ ਭੂਮਿਕਾ ਹੈ। ਰੁੱਖ਼ ਸਾਨੂੰ ਮੌਸਮੀ ਕਹਿਰ ਭਾਵ ਭਿਅੰਕਰ ਗ਼ਰਮੀ ਸਰਦੀ, ਹੜ੍ਹਾਂ ਅਤੇ ਕੁਦਰਤੀ ਆਫ਼ਤਾਂ ਤੋਂ ਬਚਾਉਣ ਵਿੱਚ ਸਹਾਇਕ

ਹੁੰਦੇ ਹਨ। ਰੁੱਖਾਂ ਦੀ ਮਹੱਤਤਾ ਤਾਂ ਉਹੀ ਸਮਝ ਸਕਦਾ ਹੈ, ਮਾਰੂਥਲ ਵਿੱਚ ਰਹਿਣ ਕਰਕੇ ਜਿਸਦੀਆਂ ਅੱਖਾਂ ਹਰਿਆਲੀ ਦੇਖਣ ਲਈ ਤਰਸ ਗਈਆਂ ਹੋਣ। ਰੁੱਖਾਂ ਤੋਂ ਸਾਨੂੰ ਠੰਢਕ, ਤਾਜ਼ਗੀ ਆਨੰਦ, ਸਕੂਨ ਆਪਣਾਪਣ ਤਾਂ ਪ੍ਰਾਪਤ ਹੁੰਦਾ ਹੀ ਹੈ, ਇਨ੍ਹਾਂ ਨੂੰ ਸਪਰਸ਼ ਕਰਕੇ ਛੂਹ ਕੇ ਜੋ ਭਾਵ ਜੋ ਸਕਾਰਾਤਮਕਤਾ ਊਰਜਾ ਦੀਆਂ ਤਰੰਗਾਂ ਸਾਨੂੰ ਮਿਲਦੀਆਂ ਹਨ, ਉਸ ਦਾ ਕੋਈ ਸਾਨੀ ਨਹੀਂ। ਇਸ ਦੇ ਨਾਲ਼ ਹੀ ਇਹ ਵੀ ਬਹੁਤ ਧਿਆਨ ਦੇਣ ਯੋਗ



ਗੱਲ ਹੈ ਕਿ ਸਾਨੂੰ ਪੁਰਾਤਨ ਅਤੇ ਲੁਪਤ ਹੋ ਰਹੇ ਵੱਡੇ ਰੁੱਖ਼ ਲਗਾਉਣ ਦੀ ਸਖ਼ਤ ਜ਼ਰੂਰਤ ਹੈ, ਜਿਵੇਂ ਕਿ ਪਿੱਪਲ, ਬੋੜ੍ਹ ਬਰੋਟਾ ਬਰਗਦ, ਨਿੰਮ, ਆਂਵਲਾ, ਕਚਨਾਰ, ਕਿੱਕਰ, ਟਾਹਲੀ, ਜਾਮਣ, ਅਸ਼ੋਕ, ਕਟਹੱਲ, ਖਜੂਰ, ਪਲਾਸ ਪਲਾਹ, ਲਸੂੜਾ, ਗੁਲਰ, ਚੀਲ, ਦਿਆਰ, ਚੰਦਨ, ਅੰਬ ਜਾਮਣ, ਬੇਲ ਆਦਿ ਰੁੱਖ਼ਾਂ ਨੂੰ ਲਗਾਉਣ ਦੀ ਪਹਿਲ ਕਰਨੀ ਚਾਹੀਦੀ ਹੈ; ਕਿਉਂਕਿ ਇਹ ਅਜਿਹੇ ਰੁੱਖ਼ ਹਨ ਜੋ ਸਾਨੂੰ ਸਾਲਾਂ ਸਦੀਆਂ ਤੱਕ ਲੰਬੇ ਅਰਸੇ ਤੱਕ ਅਤੇ ਵੱਧ ਮਾਤਰਾ ਵਿੱਚ ਸ਼ੁੱਧ ਹਵਾ ਫ਼ਲ ਆਦਿ ਮੁਹੱਈਆ ਕਰਵਾਉਂਦੇ ਰਹਿੰਦੇ ਹਨ।

ਰੁੱਖ਼ ਲਗਾਉਣ ਤੋਂ ਬਾਅਦ ਗੱਲ ਆਉਂਦੀ ਹੈ ਲਗਾਏ ਹੋਏ ਰੁੱਖ਼ਾਂ ਦੀ ਸੰਭਾਲ ਕਰਨ ਦੀ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਸਾਡੇ ਵੱਲੋਂ ਲਗਾਏ ਗਏ ਰੁੱਖ਼ਾਂ ਨੂੰ ਅਗਲੇ ਸਮੇਂ ਲਈ ਜ਼ਰੂਰ ਉਨ੍ਹਾਂ ਦੀ ਸੰਭਾਲ਼ ਕੀਤੀ ਜਾਵੇ। ਉਨ੍ਹਾਂ ਨੂੰ ਲੋੜੀਂਦਾ ਪਾਣੀ ਖਾਦ ਆਦਿ ਦਿੱਤੀ ਜਾਵੇ ਤੇ ਉਨ੍ਹਾਂ ਦਾ ਸੰਭਾਵੀ ਖਤਰਿਆਂ ਤੋਂ ਬਚਾਅ ਕੀਤਾ ਜਾਵੇ, ਤਾਂ ਜੋ ਲਗਾਏ ਹੋਏ ਰੁੱਖ਼ ਵੱਡੇ ਹੋ ਸਕਣ ਅਤੇ ਵੱਧ ਫੁੱਲ ਕੇ ਸਮੁੱਚੀ ਮਨੁੱਖਤਾ ਨੂੰ ਤੇ ਹੋਰ ਜੀਵ ਜੰਤੂਆਂ ਪ੍ਰਾਣੀਆਂ ਨੂੰ ਸੁੱਖ, ਸਕੂਨ, ਆਨੰਦ, ਭੋਜਨ ਤੇ ਹੋਰ ਲਾਭ ਦੇ ਸਕਣ। ਅੱਜ ਮਨੁੱਖ ਨੇ ਆਪਣੀ ਜ਼ਰੂਰਤਾਂ ਪੂਰੀਆਂ ਕਰਨ ਦੇ ਲਈ ਵੱਧ ਕਾਰਖ਼ਾਨੇ ਲਗਾਏ ਹੋਏ ਹਨ ਅਤੇ ਵਾਹਨਾਂ ਦੀ ਗਿਣਤੀ ਵੀ ਕਾਫ਼ੀ ਵੱਧ ਗਈ ਹੈ, ਜੋ ਕਿ ਸਾਡੇ ਸਭ ਦੀ ਸੁੱਖ ਸਹੂਲਤ ਦੇ ਲਈ ਬਹੁਤ ਜ਼ਰੂਰੀ ਵੀ ਹਨ। ਪਰ ਇਨ੍ਹਾਂ ਉਦਯੋਗਾਂ ਅਤੇ ਵਾਹਨਾਂ ਤੋਂ ਪੈਦਾ ਹੋਏ ਧੂੰਏਂ ਅਤੇ ਪ੍ਰਦੂਸ਼ਣ ਨਾਲ਼ ਨਜਿੱਠਣ ਦੇ ਲਈ ਅਤੇ ਵਧਦੀ ਹੋਈ ਅਬਾਦੀ ਦੀ ਸਮੱਸਿਆ ਅਤੇ ਇਸ ਤੋਂ ਪੈਦਾ ਹੋਈਆਂ ਸਮੱਸਿਆਵਾਂ ਨਾਲ਼ ਨਜਿੱਠਣ ਦੇ ਲਈ ਸਾਨੂੰ ਵੱਧ ਤੋਂ ਵੱਧ ਰੁੱਖ਼ ਲਗਾਉਣੇ ਚਾਹੀਦੇ ਹਨ। ਲਗਾਏ ਰੁੱਖ਼ਾਂ ਦੀ ਸੰਭਾਲ ਜ਼ਰੂਰ-ਜ਼ਰੂਰ ਕਰਨੀ ਚਾਹੀਦੀ ਹੈ। ਸਾਨੂੰ ਦਿਨਾਂ ਤਿਉਹਾਰਾਂ, ਜਨਮ ਦਿਨ, ਵਿਆਹਾਂ, ਵਰ੍ਹੇਗੰਢਾਂ, ਬਰਸੀਆਂ, ਰਾਸ਼ਟਰੀ ਦਿਨ ਤਿਉਹਾਰਾਂ ਸਮੇਂ ਜਾਂ ਹੋਰ ਖ਼ੁਸ਼ੀ ਗ਼ਮੀ ਦੇ ਸਮੇਂ ਰੁੱਖ਼ ਲਗਾਉਣ ਦੀ ਪ੍ਰੰਪਰਾ ਬਣਾ ਲੈਣੀ ਚਾਹੀਦੀ ਹੈ, ਤਾਂ ਜੋ ਆਨੇ-ਬਹਾਨੇ ਗਾਹੇ-ਬਗਾਹੇ ਰੁੱਖ਼ਾਂ ਨੂੰ ਲਗਾਇਆ ਜਾ ਸਕੇ ਤੇ ਉਨ੍ਹਾਂ ਦੀ ਸੰਭਾਲ਼ ਕੀਤੀ ਜਾ ਸਕੇ ਅਤੇ ਵਾਤਾਵਰਨ ਨੂੰ ਹਰਾ ਭਰਾ ਰੱਖ ਕੇ ਮਨੁੱਖਤਾ ਤੇ ਸਮੁੱਚੇ ਪ੍ਰਾਣੀ ਜਗਤ ਨੂੰ ਸਮੱਸਿਆਵਾਂ, ਦੁੱਖਾਂ, ਤਕਲੀਫ਼ਾਂ ਤੇ ਬੀਮਾਰੀਆਂ ਤੋਂ ਬਚਾਇਆ ਜਾ ਸਕੇ।

ਸਾਡੇ ਵੇਦਾਂ, ਗ੍ਰੰਥਾਂ, ਸ਼ਾਸਤਰਾਂ ਅਤੇ ਮਹਾਂਪੁਰਖਾਂ ਦੇ ਗਿਆਨ ਤੋਂ ਇਹ ਗੱਲ ਸਪੱਸ਼ਟ ਸਾਹਮਣੇ ਆਉਂਦੀ ਹੈ ਕਿ ਸਾਨੂੰ ਰੁੱਖ਼ ਵੱਧ ਤੋਂ ਵੱਧ ਲਗਾਉਣੇ ਚਾਹੀਦੇ ਹਨ ਤੇ ਉਨ੍ਹਾਂ ਦੀ ਸੰਭਾਲ਼ ਕਰਨੀ

ਚਾਹੀਦੀ ਹੈ। ਕਈ ਥਾਈਂ ਤਾਂ ਪਿੱਪਲ, ਬਰਗਦ ਤੇ ਨਿੰਮ ਪੌਦਿਆਂ ਦੀ ਤ੍ਰਿਵੈਣੀ ਲਗਾਉਣ ਦਾ ਸੁਝਾਅ ਵੀ ਦੇਖਣ ਨੂੰ ਮਿਲਦਾ ਹੈ। ਰੁੱਖਾਂ ਦੀ ਵਡਿਆਈ ਸਾਡੀ ਸੰਸਕ੍ਰਿਤੀ ਸਾਡੇ ਸੱਭਿਆਚਾਰ ਵਿੱਚ ਵੀ ਕੀਤੀ ਗਈ ਮਿਲਦੀ ਹੈ। ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਰੁੱਖਾਂ ਦੀ ਤੁਲਨਾ ਆਪਣੇ ਸਗੇ-ਸਬੰਧੀਆਂ ਰਿਸ਼ਤੇਦਾਰਾਂ ਨਾਲ਼ ਕੀਤੀ ਹੈ। ਕਈ ਥਾਈਂ ਲੋਕ ਵਿਸ਼ਵਾਸਾਂ ਅਨੁਸਾਰ ਰੁੱਖਾਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਨੂੰ ਵੱਖ-ਵੱਖ ਦੇਵਤਿਆਂ ਦੇ ਨਾਲ਼ ਜੋੜ ਕੇ ਦੇਖਿਆ ਗਿਆ ਹੈ। ਗ਼ਰਮੀਆਂ ਦੇ ਮੌਸਮ ਵਿੱਚ ਸਾਨੂੰ ਜੰਗਲਾਂ ਨੂੰ ਅੱਗ ਲੱਗਣ ਤੋਂ ਬਚਾਉਣ ਦੀ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿੱਥੇ ਰੁੱਖਾਂ ਦੇ ਸਾਨੂੰ ਅਨੇਕਾਂ ਲਾਭ ਹਨ, ਉੱਥੇ ਇਹ ਵੀ ਮਹੱਤਵਪੂਰਨ ਗੱਲ ਹੈ ਕਿ ਰੁੱਖਾਂ ਦਾ ਕੋਈ ਹੋਰ ਬਦਲ ਨਹੀਂ ਹੈ।

''ਰੁੱਖ ਦੇਣ ਸਭ ਨੂੰ ਸੁੱਖ,
ਆਪਣਾ ਬਣ ਘੱਟ ਕਰਦੇ ਦੁੱਖ,।
ਆਓ ਲਗਾਈਏ ਰਲ਼ ਮਿਲ ਰੁੱਖ,
ਘੱਟ ਕਰੀਏ ਸਭਨਾਂ ਦੇ ਦੁੱਖ।
ਵਾਤਾਵਰਨ ਨੂੰ ਹਰਾ ਭਰਾ ਬਣਾਈਏ,
ਹਰ ਕੋਈ ਇੱਕ ਇੱਕ ਰੁੱਖ ਲਗਾਈਏ।
ਲਗਾਏ ਰੁੱਖਾਂ ਦੀ ਸੰਭਾਲ ਜ਼ਰੂਰੀ,
ਵਧੇ ਨਾ ਰੁੱਖ ਤੇ ਮਨੁੱਖ ਦੀ ਦੂਰੀ।
ਸਾਰੀ ਖ਼ਲਕਤ ਨੂੰ ਖ਼ੁਸ਼ਹਾਲ ਬਣਾਈਏ,
ਆਓ ਰਲ਼ ਮਿਲ ਰੁੱਖ ਲਗਾਈਏ।
ਲਗਾਏ ਰੁੱਖਾਂ ਦੀ ਦੇਖਭਾਲ਼ ਕਰਕੇ,
ਉਨ੍ਹਾਂ ਦੀ ਸੰਭਾਲ ਯਕੀਨੀ ਬਣਾਈਏ।
ਜੇ ਨਾ ਰਹੇ ਧਰਤੀ ਤੇ ਰੁੱਖ,
ਖ਼ਤਰੇ ਵਿੱਚ ਪੈ ਜਾਊਗਾ ਮਨੁੱਖ।
ਇਸ ਖ਼ਤਰੇ ਤੋਂ ਸਭ ਨੂੰ ਬਚਾਈਏ,
ਹਰ ਕੋਈ ਇੱਕ ਇੱਕ ਰੁੱਖ ਲਗਾਈਏ।

ਹਰਪ੍ਰੀਤ ਪੱਤੋਂ
94658-21417



# ਸੁਹਣੀ ਧਰਤ

ਸਾਡੀ ਸੁਹਣੀ ਧਰਤ ਪੰਜਾਬ ਦੀ,
ਜਿੱਥੇ ਵਗਦਾ ਨਿਰਮਲ ਨੀਰ।
ਇੱਥੇ ਸੋਨੇ ਰੰਗੀਆਂ ਫ਼ਸਲਾਂ,
ਤੇ ਅੰਨ ਦੀ ਕਰਨ ਅਖ਼ੀਰ।
ਸੂਰਜ ਦੀ ਲਾਲੀ ਚਮਕਦੀ,
ਜਿਉਂ ਹੋਵੇ ਸੇਬ ਕਸ਼ਮੀਰ।
ਇੱਥੇ ਛੈਲ ਛਬੀਲੇ ਨੇ ਗੱਭਰੂ,
ਤੇ ਊਧਮ ਸਰਾਭੇ ਜਿਹੇ ਵੀਰ।
ਇੱਥੇ ਧੀਆਂ ਕਿਸੇ ਤੋਂ ਘੱਟ ਨਾ,
ਜੋ ਜਾਣ ਹਵਾਵਾਂ ਨੂੰ ਚੀਰ।
ਰੁੱਤਾਂ ਵਾਰੋ ਵਾਰੀ ਆਉਂਦੀਆਂ,
ਰੱਖਣ ਠੰਡੀ ਗ਼ਰਮ ਤਾਸੀਰ।
ਇੱਥੇ ਦਰਿਆ, ਪਹਾੜ, ਖੇਤ ਨੇ,
ਅੱਖਾਂ ਮੀਚ ਦਿਸੇ ਤਸਵੀਰ।
ਪੱਤੋ, ਇਹ ਟੋਟਾ ਹੈ ਸਵਰਗ ਦਾ,
ਜਿੱਥੇ ਰਹਿਮਤ ਰੱਖਣ ਫ਼ਕੀਰ।
ਮੈਂ ਸਦਕੇ ਜਾਵਾਂ ਇਸ ਧਰਤ ਦੇ,
ਜਿੱਥੇ ਵੱਸੇ ਵਾਰਸ ਦੀ ਹੀਰ।





ਲੇਖ: ਲਲਿਤ ਗੁਪਤਾ
97815-90500

# ਮਨੁੱਖੀ ਕਿਰਿਆਵਾਂ ਕਰਕੇ ਹੋ ਰਿਹਾ ਹੈ ਜੈਵ ਵਿਭਿੰਨਤਾ ਦਾ ਨਿਘਾਰ।

ਜੈਵ ਵਿਭਿੰਨਤਾ ਵਿਆਪਕ ਤੌਰ ’ਤੇ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਵਿਭਿੰਨਤਾਵਾਂ ਨੂੰ ਦਰਸਾਉਂਦੀ ਹੈ ਜੋ ਸੰਸਾਰ ਜਾਂ ਕਿਸੇ ਖ਼ਾਸ ਖ਼ੇਤਰ ਵਿੱਚ ਇਕੱਠੇ ਰਹਿੰਦੇ ਹਨ। ਜੈਵ ਵਿਭਿੰਨਤਾ ਦੀ ਸਦਭਾਵਨਾ ਨੂੰ ਬਣਾਈ ਰੱਖਣ ਲਈ, ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੀ ਧਰਤੀ ਦੇ ਵਾਤਾਵਰਨ ਦੀ ਸਥਿਤੀ ਨੂੰ ਠੀਕ ਠਾਕ ਬਣਾਈ ਰੱਖੀਏ। ਜੈਵ ਵਿਭਿੰਨਤਾ, ਜਿਸ ਨੂੰ ਅਸੀਂ ਜੈਵਿਕ ਵਿਭਿੰਨਤਾ ਵੀ ਕਹਿ ਸਕਦੇ ਹਾਂ, ਮੁੱਖ ਤੌਰ ’ਤੇ ਧਰਤੀ ’ਤੇ ਵੱਖ-ਵੱਖ ਕਿਸਮਾਂ ਦੇ ਰੁੱਖ਼ਾਂ, ਪੌਦਿਆਂ, ਜਾਨਵਰਾਂ ਅਤੇ ਪੰਛੀਆਂ ਦੀ ਹੋਂਦ ਨੂੰ ਕਾਇਮ ਰੱਖਣ ਨਾਲ਼ ਸਬੰਧਤ ਹੈ।

ਇਹ ਬਹੁਤ ਜ਼ਰੂਰੀ ਹੈ ਕਿ ਉੱਚ ਪੱਧਰੀ ਜੈਵਿਕ ਵਿਭਿੰਨਤਾ ਨੂੰ ਕਾਇਮ ਰੱਖਣ ਲਈ, ਅਸੀਂ ਆਪਣੇ ਕੁਦਰਤੀ ਵਾਤਾਵਰਨ ਦੀ ਸਥਿਤੀ ਨੂੰ ਸਹੀ ਢੰਗ ਨਾਲ਼ ਬਣਾਈ ਰੱਖੀਏ।

ਜੈਵ ਵਿਭਿੰਨਤਾ, ਜਿਸ ਨੂੰ ਜੈਵਿਕ ਵਿਭਿੰਨਤਾ ਵੀ ਕਿਹਾ ਜਾਂਦਾ ਹੈ, ਵੱਖ-ਵੱਖ ਕਿਸਮਾਂ ਦੇ ਪੌਦਿਆਂ ਅਤੇ ਜਾਨਵਰਾਂ ਦਾ ਸੰਗ੍ਰਹਿ ਹੈ, ਜੋ ਕਿਸੇ ਖ਼ਾਸ ਖ਼ੇਤਰ ਵਿੱਚ ਰਹਿੰਦੇ ਜਾਂ ਫੈਲਦੇ ਹਨ। ਜੈਵ ਵਿਭਿੰਨਤਾ ਜਿੰਨੀ ਜ਼ਿਆਦਾ ਹੋਵੇਗੀ, ਸਾਡਾ ਵਾਤਾਵਰਨ ਓਨਾ ਹੀ ਕ੍ਰਮਬੱਧ ਅਤੇ ਸੰਤੁਲਿਤ ਹੋਵੇਗਾ। ਵੱਖ-ਵੱਖ ਕਿਸਮਾਂ ਦੇ ਬਨਸਪਤੀ ਅਤੇ ਜੀਵ-ਜੰਤੂ ਵੀ ਧਰਤੀ ਨੂੰ ਰਹਿਣ ਯੋਗ ਬਣਾਉਣ ਵਿੱਚ ਯੋਗਦਾਨ ਪਾਉਂਦੇ ਹਨ।

ਮਨੁੱਖੀ ਜੀਵਨ ਪਿੱਛੇ ਜੈਵ ਵਿਭਿੰਨਤਾ ਦਾ ਵੀ ਹੱਥ ਹੈ। ਇਹ ਇਸ ਲਈ ਹੈ ਕਿਉਂਕਿ ਵੱਖ-ਵੱਖ ਜਾਨਵਰ ਅਤੇ ਪੌਦੇ ਮਿਲ ਕੇ ਮਨੁੱਖ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੇ ਹਨ।

ਇੱਕ ਅੰਦਾਜ਼ੇ ਅਨੁਸਾਰ ਧਰਤੀ ’ਤੇ ਪੌਦਿਆਂ ਦੀਆਂ ਲਗਪਗ 3,00,000 ਕਿਸਮਾਂ ਅਤੇ ਜਾਨਵਰਾਂ ਦੀਆਂ ਕਿਸਮਾਂ ਹਨ, ਜਿਨ੍ਹਾਂ ਵਿੱਚ ਪੰਛੀ, ਮੱਛੀਆਂ, ਥਣਧਾਰੀ, ਕੀੜੇ-ਮਕੌੜੇ, ਸ਼ੇਰ, ਚੀਤੇ ਆਦਿ ਸ਼ਾਮਲ ਹਨ। ਸਾਡੇ ਧਰਤੀ ਗ੍ਰਹਿ ਦੀ ਖ਼ੋਜ ਲਗਪਗ 450 ਮਿਲੀਅਨ ਸਾਲ ਪਹਿਲਾਂ ਹੋਈ ਸੀ ਅਤੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਧਰਤੀ ਉੱਤੇ ਜੀਵਨ 350 ਮਿਲੀਅਨ ਸਾਲ ਪਹਿਲਾਂ ਸ਼ੁਰੂ ਹੋਇਆ ਸੀ।

ਕਈ ਪੌਦਿਆਂ ਅਤੇ ਜਾਨਵਰਾਂ ਦੀਆਂ ਕਿਸਮਾਂ ਪਿਛਲੀਆਂ ਕੁਝ ਸਦੀਆਂ ਅਤੇ ਸਮੇਂ ਵਿੱਚ ਅਲੋਪ ਹੋ ਗਈਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਬਹੁਤ ਸਾਰੀਆਂ ਅਲੋਪ ਹੋਣ ਦੀ ਕਗਾਰ ’ਤੇ ਹਨ। ਇਹ ਜੈਵ ਵਿਭਿੰਨਤਾ ਲਈ ਖ਼ਤਰੇ ਦਾ ਸੰਕੇਤ ਹੈ। ਪਿਛਲੇ ਕੁਝ

ਸਮੇਂ ਤੋਂ ਮਨੁੱਖ ਦਾ ਟੈਕਨਾਲੋਜੀ ਵੱਲ ਇੰਨਾ ਝੁਕਾਅ ਹੋ ਗਿਆ ਹੈ ਕਿ ਉਹ ਇਸ ਦੇ ਮਾੜੇ ਪ੍ਰਭਾਵਾਂ ਨੂੰ ਸਮਝਣਾ ਵੀ ਨਹੀਂ ਚਾਹੁੰਦਾ। ਜੇਕਰ ਵਾਤਾਵਰਨ ਸ਼ੁੱਧਤਾ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਬਹੁਤ ਸਾਰੀਆਂ ਨਵੀਆਂ ਕਾਢਾਂ ਮਨੁੱਖਾਂ ਅਤੇ ਜੈਵ ਵਿਭਿੰਨਤਾ 'ਤੇ ਮਾੜਾ ਪ੍ਰਭਾਵ ਪਾ ਰਹੀਆਂ ਹਨ। ਇਹ ਬਿਲਕੁਲ ਸਹੀ ਸਮਾਂ ਹੈ ਕਿ ਮਨੁੱਖ ਇਸ ਸੰਕਟ ਨੂੰ ਗੰਭੀਰਤਾ ਨਾਲ਼ ਲੈਣ ਅਤੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਦਾ ਸੰਕਲਪ ਲੈਣ।

ਕੇਵਲ ਸ਼ੁੱਧ ਵਾਤਾਵਰਨ ਹੀ ਅਮੀਰ ਜੈਵ ਵਿਭਿੰਨਤਾ ਨੂੰ ਉਤਸ਼ਾਹਿਤ ਕਰ ਸਕਦਾ ਹੈ ਤਾਂ ਜੋ ਮਨੁੱਖ ਜਾਤੀ ਨੂੰ ਆਪਣੀ ਰੋਜ਼ੀ-ਰੋਟੀ ਵਿੱਚ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਜੈਵ ਵਿਭਿੰਨਤਾ ਮੁੱਖ ਤੌਰ 'ਤੇ ਇੱਕ ਪੈਰਾਮੀਟਰ ਹੈ ਜਿਸ ਵਿੱਚ ਵੱਖ-ਵੱਖ ਕਿਸਮਾਂ ਦੇ ਪੌਦੇ, ਜਾਨਵਰ ਅਤੇ ਪੰਛੀ ਇਕੱਠੇ ਰਹਿੰਦੇ ਹਨ। ਹਰ ਪ੍ਰਕਾਰ ਦੇ ਬਨਸਪਤੀ ਅਤੇ ਜੀਵ-ਜੰਤੂ ਧਰਤੀ ਦੇ ਵਾਤਾਵਰਨ ਨੂੰ ਸੁਧਾਰਨ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਂਦੇ ਹਨ, ਜਿਸ ਨਾਲ਼ ਹੀ ਧਰਤੀ ਉੱਤੇ ਜੀਵਨ ਖ਼ੁਸ਼ਹਾਲ ਹੁੰਦਾ ਹੈ। ਇਹ ਵੱਖ-ਵੱਖ ਪ੍ਰਜਾਤੀਆਂ ਦੀਆਂ ਸਾਰੀਆਂ ਕਿਸਮਾਂ ਇੱਕ ਦੂਜੇ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਦੀਆਂ ਹਨ, ਜਿਸ ਨਾਲ਼ ਇੱਕ ਅਮੀਰ ਜੈਵ ਵਿਭਿੰਨਤਾ ਪੈਦਾ ਹੁੰਦੀ ਹੈ।

### ਜੈਵ ਵਿਭਿੰਨਤਾ ਦਾ ਨਿਘਾਰ ਕਿਵੇਂ ਹੋਇਆ?

ਭਾਵੇਂ ਪਿਛਲੇ ਕਈ ਸਾਲਾਂ ਤੋਂ ਜੈਵਿਕ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਉੱਚ ਪੱਧਰੀ ਰੱਖਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਪਰ ਫਿਰ ਵੀ ਪਿਛਲੇ ਕੁਝ ਸਮੇਂ ਤੋਂ ਇਸ ਦੀ ਗਿਣਤੀ 'ਚ ਗਿਰਾਵਟ ਦੇਖਣ ਨੂੰ ਮਿਲੀ ਹੈ, ਜਿਸ ਦੇ ਆਉਣ ਵਾਲ਼ੇ ਸਮੇਂ 'ਚ ਹੋਰ ਵੀ ਘਟਣ ਦੀ ਸੰਭਾਵਨਾ ਹੈ।

ਇਸ ਦਾ ਮੁੱਖ ਕਾਰਨ ਸਨਅਤੀ ਕਾਰਖ਼ਾਨਿਆਂ ਤੋਂ ਨਿਕਲਦਾ ਲਗਾਤਾਰ ਪ੍ਰਦੂਸ਼ਣ ਹੈ। ਇਸ ਪ੍ਰਦੂਸ਼ਣ ਕਾਰਨ ਪੌਦਿਆਂ ਅਤੇ ਜਾਨਵਰਾਂ ਦੀਆਂ ਕਈ ਕਿਸਮਾਂ ਅਲੋਪ ਹੋ ਚੁੱਕੀਆਂ ਹਨ ਅਤੇ ਕਈ ਅਲੋਪ ਹੋਣ ਦੇ ਕੰਢੇ ਹਨ। ਇਸ ਤਬਦੀਲੀ ਦਾ ਇੱਕ ਸੰਕੇਤ ਸਪੱਸ਼ਟ ਹੈ ਕਿ ਆਉਣ ਵਾਲ਼ੇ ਸਮੇਂ ਵਿੱਚ ਸਾਡੀ ਧਰਤੀ ਉੱਤੇ ਇੱਕ ਬਹੁਤ ਹੀ ਗੰਭੀਰ ਸੰਕਟ ਪੈਦਾ ਹੋ ਜਾਵੇਗਾ। ਇਸ ਕਾਰਨ ਜੈਵ ਵਿਭਿੰਨਤਾ ਦਾ ਸੰਤੁਲਨ ਯਕੀਨੀ ਤੌਰ 'ਤੇ ਵਿਗੜ ਜਾਵੇਗਾ ਅਤੇ ਮਨੁੱਖਾਂ ਦੇ ਨਾਲ਼-ਨਾਲ਼ ਜਾਨਵਰਾਂ ਦੇ ਜੀਵਨ 'ਤੇ ਵੀ ਸਵਾਲੀਆ ਨਿਸ਼ਾਨ ਖੜ੍ਹਾ ਹੋ ਜਾਵੇਗਾ।

ਆਧੁਨਿਕ ਯੁੱਗ ਵਿੱਚ ਵਿਗਿਆਨਕ ਤਰੱਕੀ ਅਤੇ ਮਨੁੱਖ ਦੀ ਵਾਤਾਵਰਨ ਪ੍ਰਤੀ ਅਣਗਹਿਲੀ ਕਾਰਨ ਜੈਵਿਕ ਵਿਭਿੰਨਤਾ ਘਟਦੀ ਜਾ ਰਹੀ ਹੈ, ਕਿਉਂਕਿ ਮਨੁੱਖੀ ਵਿਕਾਸ ਦੀਆਂ ਮਜ਼ਬੂਰੀਆਂ ਕਾਰਨ ਖੇਤਾਂ ਅਤੇ ਜੰਗਲਾਂ ਨੂੰ ਸਾਫ਼ ਕਰਕੇ ਘਰੇਲੂ ਜਾਂ ਉਦਯੋਗਿਕ ਨਿਰਮਾਣ ਲਈ ਵਰਤਿਆ ਜਾ ਰਿਹਾ ਹੈ।

ਭਾਰਤ ਵਿੱਚ ਤਕਨਾਲੋਜੀ ਦੇ ਵਿਕਾਸ ਕਾਰਨ ਪੰਛੀਆਂ ਦੀ ਗਿਣਤੀ ਵੀ ਦਿਨੋ-ਦਿਨ ਘਟਦੀ ਜਾ ਰਹੀ ਹੈ ਅਤੇ ਇਨ੍ਹਾਂ ਪੰਛੀਆਂ ਤੋਂ ਬਿਨਾਂ ਇਸ ਕੁਦਰਤ ਦਾ ਸੰਤੁਲਨ ਵਿਗੜਦਾ ਜਾ ਰਿਹਾ ਹੈ। ਕਈ ਲੋਕਾਂ ਦੇ ਮਨਾਂ ਵਿੱਚ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਇਹ ਪੰਛੀ ਸਾਡੇ ਵਾਤਾਵਰਨ ਸੰਤੁਲਨ ਵਿੱਚ ਕਿਵੇਂ ਯੋਗਦਾਨ ਪਾਉਂਦੇ ਹਨ।। ਸਭ ਤੋਂ ਪਹਿਲਾਂ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਇਹ ਪੰਛੀ ਧਰਤੀ 'ਤੇ ਨਿਖੇੜਕ ਦਾ ਕੰਮ ਕਰਦੇ ਹਨ। ਇਹ ਪੰਛੀ ਵਾਤਾਵਰਨ ਨੂੰ ਸ਼ੁੱਧ ਕਰਨ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

ਇਹ ਪੰਛੀ ਧਰਤੀ ਉੱਤੇ ਫ਼ਸਲਾਂ ਨੂੰ ਖ਼ਰਾਬ ਕਰਨ ਵਾਲ਼ੇ ਸਾਰੇ ਕੀੜੇ-ਮਕੌੜੇ ਅਤੇ ਜੀਵ-ਜੰਤੂਆਂ ਆਦਿ ਦਾ ਖ਼ਾਤਮਾ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਜੇਕਰ ਕਿਸੇ ਜਾਨਵਰ ਦੀ ਮੌਤ ਵੀ ਹੋ ਜਾਂਦੀ ਹੈ ਤਾਂ ਕਈ ਵਾਰ ਉਹ ਜਾਨਵਰ ਕਈ-ਕਈ ਦਿਨ ਉੱਥੇ ਪਿਆ ਰਹਿੰਦਾ ਹੈ ਤਾਂ ਪੰਛੀ ਉਨ੍ਹਾਂ ਜਾਨਵਰਾਂ ਦਾ ਨਿਖੇੜਨ ਵੀ ਕਰਦੇ ਹਨ ਅਤੇ ਧਰਤੀ ਦੀ ਸਫ਼ਾਈ ਵਿੱਚ ਵੀ ਆਪਣਾ ਅਹਿਮ ਯੋਗਦਾਨ ਪਾਉਂਦੇ ਹਨ। ਅਜਿਹੀ ਸਥਿਤੀ ਵਿੱਚ ਪੰਛੀਆਂ ਦੀ ਗਿਣਤੀ ਵਿੱਚ ਕਮੀ ਜਾਂ ਉਨ੍ਹਾਂ ਦਾ ਅਲੋਪ ਹੋਣਾ ਕਿਸੇ ਵੱਡੇ ਸੰਕਟ ਤੋਂ ਘੱਟ ਨਹੀਂ ਹੈ। ਜਿੱਥੇ ਹਾਲ ਹੀ ਵਿੱਚ ਭਾਰਤ ਦੀ ਆਬਾਦੀ ਪੂਰੀ ਦੁਨੀਆ ਵਿੱਚ ਸਭ ਤੋਂ ਵੱਧ ਹੋ ਗਈ ਹੈ, ਉੱਥੇ ਪੰਛੀਆਂ

ਅਤੇ ਪ੍ਰਜਾਤੀਆਂ ਦੀ ਗਿਣਤੀ ਦਿਨੋਂ-ਦਿਨ ਘਟਦੀ ਜਾ ਰਹੀ ਹੈ ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ।

### ਜੈਵ ਵਿਭਿੰਨਤਾ ਨੂੰ ਉੱਚ ਪੱਧਰੀ ਕਿਵੇਂ ਬਣਾਇਆ ਜਾਵੇ?

ਸਭ ਤੋਂ ਪਹਿਲਾਂ, ਇਹ ਜ਼ਰੂਰੀ ਹੈ ਕਿ ਸਾਨੂੰ ਵਾਤਾਵਰਨ ਦੀਆਂ ਸਮੱਸਿਆਵਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਕਈ ਦੇਸਾਂ ਦੀ ਸਰਕਾਰਾਂ ਜੈਵ ਵਿਭਿੰਨਤਾ ਦੇ ਵਿਗੜ ਰਹੇ ਸੰਤੁਲਨ ਬਾਰੇ ਲੋਕਾਂ ਵਿੱਚ ਜਾਗਰੂਕਤਾ ਫ਼ੈਲਾ ਰਹੀਆਂ ਹਨ ਅਤੇ ਇਸ ਕਮੀ ਨੂੰ ਜਲਦੀ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਆਮ ਆਦਮੀ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਨੇਕ ਕਾਰਜ ਵਿੱਚ ਹਿੱਸਾ ਪਾਉਣ ਅਤੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਵਿੱਚ ਸਰਕਾਰਾਂ ਦਾ ਸਾਥ ਦੇਣ।

ਤਕਨਾਲੋਜੀ ਲਈ ਮਨੁੱਖ ਦੇ ਵਧ ਰਹੇ ਮਿਆਰ ਨੂੰ ਕੰਟਰੋਲ ਕਰਨ ਅਤੇ ਘਟਾਉਣ ਦੀ ਲੋੜ ਹੈ। ਮਨੁੱਖ 4 ਜੀ, 5 ਜੀ ਅਤੇ ਹੋਰ ਤਕਨਾਲੋਜੀ ਅਤੇ ਨਵੀਆਂ ਕਾਢਾਂ ਕਰਨ ਵਿੱਚ ਇੰਨਾ ਰੁੱਝ ਗਿਆ ਹੈ ਕਿ ਉਸ ਨੂੰ ਆਪਣੇ ਆਲ਼ੇ-ਦੁਆਲ਼ੇ ਦੇ ਵਾਤਾਵਰਨ ਦੇ ਵਧ ਰਹੇ ਪ੍ਰਦੂਸ਼ਣ ਨਾਲ਼ ਕੋਈ ਲੈਣਾ-ਦੇਣਾ ਨਹੀਂ ਹੈ। ਮਨੁੱਖ ਨੂੰ ਇਸ ਦਿਸ਼ਾ ਵਿੱਚ ਸੋਚਣਾ ਪਵੇਗਾ ਕਿ ਦੂਸ਼ਿਤ ਵਾਤਾਵਰਨ ਅਤੇ ਮੋਬਾਈਲ ਟਾਵਰਾਂ ਵਿੱਚੋਂ ਨਿਕਲਦੀਆਂ ਖਤਰਨਾਕ ਕਿਰਨਾਂ ਦਾ ਹੀ ਨੁਕਸਾਨ ਹੋ ਰਿਹਾ ਹੈ ਅਤੇ ਧਰਤੀ ਉਤੇ ਪ੍ਰਜਾਤੀਆਂ ਲੁਪਤ ਹੋ ਗਈਆਂ ਹਨ। ਸਾਡੀ ਜੈਵਿਕ ਵਿਭਿੰਨਤਾ ਨੂੰ ਸਭ ਤੋਂ ਵੱਧ ਨੁਕਸਾਨ ਇਸ ਪ੍ਰਤੀ ਜਾਗਰੂਕਤਾ ਦੀ ਘਾਟ ਕਾਰਨ ਹੋ ਰਿਹਾ ਹੈ। ਇਸ ਲਈ ਵਿਅਕਤੀ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਕੋਸ਼ਿਸ਼ਾਂ ਦੀ ਲੋੜ ਹੈ।

ਵਾਤਾਵਰਨ ਨੂੰ ਰਹਿਣ ਯੋਗ ਬਣਾਉਣ ਲਈ ਹਰੇਕ ਪੌਦੇ ਅਤੇ ਜਾਨਵਰ ਦਾ ਵੱਖਰਾ ਉਦੇਸ਼ ਹੁੰਦਾ ਹੈ। ਇਸ ਲਈ ਜੇਕਰ ਅਸੀਂ ਆਪਣੇ ਵਾਤਾਵਰਨ ਦੀ ਸ਼ੁੱਧਤਾ ਨੂੰ ਉੱਚੇ ਪੱਧਰ ਤੱਕ ਪਹੁੰਚਾਉਣਾ ਹੈ ਤਾਂ ਸਾਨੂੰ ਜੈਵ ਵਿਭਿੰਨਤਾ ਦੇ ਸੰਤੁਲਨ ਨੂੰ ਕਾਇਮ ਰੱਖਣ ਵੱਲ ਧਿਆਨ ਦੇਣਾ ਚਾਹੀਦਾ ਹੈ।

ਮਨਜੀਤ ਕੌਰ ਅੰਬਾਲਵੀ
9416271625



## ਵਾਤਾਵਰਨ ਦਿਵਸ

ਆਓ ਵਾਤਾਵਰਨ ਦਿਵਸ ਮਨਾਈਏ।
ਸਾਰੇ ਮਿਲ ਕੇ ਵੇਲ-ਬੂਟੇ ਲਗਾਈਏ।
ਕੁਦਰਤ ਸਾਨੂੰ ਬਖ਼ਸ਼ੀ ਹੈ ਦਾਤਾ ਨੇ,
ਇਹਨੂੰ ਮੈਲੀ ਹੋਣ ਤੋਂ ਬਚਾਈਏ।

ਰੱਖਣਾ ਚਾਹੁੰਦੇ ਜੇ ਸ਼ੁੱਧ ਹਵਾ, ਪਾਣੀ,
ਰੁੱਖਾਂ ਦੀ ਸਾਂਭ ਕਰੀਏ ਤੇ ਕਰਾਈਏ।
ਇਹ ਤਾਂ ਸਾਨੂੰ ਬਖਸ਼ਦੇ ਨੇ ਜੀਵਨ,
ਇਹਨਾਂ ਦੀ ਹੋਂਦ ਨਾ ਖ਼ਤਰੇ ਪਾਈਏ।

ਰੁੱਖਾਂ ਬਿਨ੍ਹਾ ਨਾ ਧਰਤੀ ਦਾ ਸ਼ਿੰਗਾਰ,
ਪਵਣ ਗੁਰੂ ਇਹ ਵੀ ਸਮਝ ਜਾਈਏ।
ਪਾਣੀ ਨੂੰ ਪਿਤਾ ਮੰਨਦੇ ਹਾਂ ਸਾਰੇ ਹੀ,
ਫਿਰ ਕਿਉਂ ਰੋੜ੍ਹ-ਰੋੜ੍ਹ ਹੀ ਮੁਕਾਈਏ।

ਰੁੱਖਾਂ ਬਾਝੋਂ ਨਹੀਂ ਮਿਲਣੀ ਠੰਢੀ ਛਾਂ,
ਮਾਂ ਧਰਤ ਨੂੰ ਤਪਸ਼ਾਂ ਤੋਂ ਬਚਾਈਏ।
ਪੰਛੀ ਗਾਉਂਦੇ ਮੋਹ ਲੈਣ ਦਿਲਾਂ ਨੂੰ,
ਇਨ੍ਹਾਂ ਦੇ ਘਰ ਆਲ੍ਹਣੇ ਬਣਾਈਏ।

ਇਹ ਰੁੱਖ ਸਾਡੇ ਨੇ ਚਾਨਣ ਮੁਨਾਰੇ,
ਦੇ ਦੇ ਦੁਆਵਾਂ ਨਿੱਤ ਵਡਿਆਈਏ।
ਇਨ੍ਹਾਂ ਨਾਲ਼ ਹੀ ਨੇ ਮੌਜ ਬਹਾਰਾਂ,
ਵੱਢ ਟੁੱਕ ਕੇ ਨਾ ਖ਼ਤਮ ਕਰਾਈਏ।

ਇੱਕ-ਇੱਕ ਰੁੱਖ ਜੇ ਸਾਰੇ ਲਾਈਏ,
ਰੁੱਖਾਂ ਦਾ ਫਿਰ ਭੰਡਾਰ ਵਧਾਈਏ।
ਆਕਸੀਜਨ ਹੈ ਅਨਮੋਲ ਖ਼ਜਾਨਾ,
ਹਰਿਆਵਲ ਰੱਖ ਇਸਨੂੰ ਵਧਾਈਏ।

ਰਮੇਸ਼ ਬੱਗਾ ਚੋਹਲਾ
94631-32719



# ਬੰਦ ਬੰਦ ਕਟਵਾਉਣ ਵਾਲੇ ਸ਼ਹੀਦ ਭਾਈ ਮਨੀ ਸਿੰਘ ਜੀ

ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇਕਰ ਪੂਰੀ ਗਹੁ ਨਾਲ਼ ਦੇਖਿਆ ਜਾਵੇ ਤਾਂ ਇਨ੍ਹਾਂ ਪੰਨਿਆਂ ਦੀ ਇਬਾਰਤ ਸ਼ਹੀਦਾਂ ਦੇ ਖ਼ੂਨ ਨਾਲ਼ ਰੰਗੀ ਹੋਈ ਦਿਖਾਈ ਦਿੰਦੀ ਹੈ। ਇਸ ਇਬਾਰਤ ਦੀ ਬਣਾਵਟ ਅਤੇ ਸਜਾਵਟ ਵਿੱਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਪਚੱਤਰ-ਅੱਸੀ ਸਾਲ ਦੇ ਬਾਬਿਆਂ ਦੇ ਬਲੀਦਾਨ ਦੀ ਇੱਕ ਅਨੋਖੀ ਅਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ, ਪਰ ਕਿਸੇ ਵੀ ਕੀਮਤ ’ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ। ਜਦੋਂ ਵੀ ਕਦੇ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ਼ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਤੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ ‘ਉਸ ਦੀ’ ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਹੀ ਸ਼ਾਮਲ ਹੈ, ਭਾਈ ਮਨੀ ਸਿੰਘ ਜੀ ਸ਼ਹੀਦ ਦਾ ਨਾਮ।

ਭਾਈ ਮਨੀ ਸਿੰਘ ਜੀ ਦੇ ਜਨਮ ਬਾਬਤ ਕਈਆਂ ਲੇਖਕਾਂ ਵਿੱਚ ਕੁਝ ਮਤਭੇਦ ਵੀ ਬਰਕਰਾਰ ਹਨ। ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਭਾਈ ਸਾਹਿਬ ਦਾ ਜਨਮ 10 ਮਾਰਚ 1644 ਈ: ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜੱਫ਼ਰਗੜ੍ਹ (ਪਾਕਿਸਤਾਨ) ਵਿਖੇ ਹੋਇਆ। ਭਾਈ ਮਨੀ ਸਿੰਘ ਦੇ ਪਰਿਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ਼ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਜੁੜਦਾ ਹੈ ਕਿਉਂਕਿ ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਉ ਛੇਵੇਂ ਪਾਤਸ਼ਾਹ ਦੇ ਸਿਰਕੱਢਵੇਂ ਜਰਨੈਲ ਸਨ। ਭਾਈ ਮਾਈਦਾਸ ਦੇ ਇੱਕ ਦਰਜਨ ਸਪੁੱਤਰ ਸਨ ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਾਖਵਾਲ਼ੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ।

ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ਼ ਲੈ ਕੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ

ਹੋਇਆ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਸੱਤਵੇਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, ''ਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।'' ਦੋ ਸਾਲ ਗੁਰੂ ਘਰ ਦੇ ਜੂਠੇ ਬਰਤਨਾਂ ਨੂੰ ਮਾਂਜਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਅਤੇ ਇੱਕ ਨਿਰਮਲ ਅਤੇ ਨਿਰਛੱਲ ਹਿਰਦੇ ਦਾ ਮਾਲਕ ਬਣ ਗਿਆ। ਜਦੋਂ ਭਾਈ ਮਨੀਏ ਦੀ ਉਮਰ 16 ਕੁ ਸਾਲ ਤਕ ਪਹੁੰਚੀ ਤਾਂ ਉਸ ਦਾ ਅਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਖ਼ੈਰਪੁਰ ਨਾਲ਼ ਹੋ ਗਿਆ। ਅਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿੱਚ ਜੁੱਟ ਗਏ। ਅੱਠਵੇਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ਼ ਆ ਗਏ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੀ ਬਾਹੀ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਹਾਜ਼ਰੀ ਇੱਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ-ਸੰਭਾਲ ਦਿੱਤੀ। ਜਿਸ ਨੂੰ ਆਪ ਨੇ ਬੜੀ ਹੀ ਤਨਦੇਹੀ ਨਾਲ਼ ਨਿਭਾਇਆ। ਮਜ਼ਲੂਮਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਲਈ ਜਦੋਂ ਨੌਵੇਂ ਗੁਰੂ ਹਿੰਦ ਦੀ ਚਾਦਰ ਬਣ ਕੇ ਦਿੱਲੀ ਵੱਲ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ਼ ਹੀ ਰਹਿ ਗਏ। ਦਸਮ ਪਿਤਾ ਦੀ ਹਜ਼ੂਰੀ ਵਿੱਚ ਰਹਿ ਕੇ ਭਾਈ ਸਾਹਿਬ ਦੀ ਬੌਧਿਕਤਾ ਵਿੱਚ ਕਾਫ਼ੀ ਨਿਖ਼ਾਰ ਆ ਗਿਆ। ਇਸ ਨਿਖ਼ਾਰ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਦਵਾਨ ਬਣ ਗਏ। ਜਦੋਂ ਭੰਗਾਣੀ ਦਾ ਯੁੱਧ ਹੋਇਆ ਤਾਂ ਉਸ ਵਕਤ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦਾ ਡਟਵਾਂ ਸਾਥ ਦਿੱਤਾ। ਇਸ ਜੰਗ ਵਿੱਚ ਉਨ੍ਹਾਂ ਦੇ ਭਰਾ ਹਰੀ ਚੰਦ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਇੱਕ ਸਾਲ ਬਾਅਦ ਨਦੌਣ ਦੀ ਲੜਾਈ ਲੜੀ ਗਈ ਤਾਂ ਭਾਈ ਸਾਹਿਬ ਦੀ ਬਹਾਦਰੀ ਅਤੇ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਵੱਲੋਂ ਇਨ੍ਹਾਂ ਨੂੰ ਦੀਵਾਨ ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ। 1699 ਈ: ਵਿੱਚ ਜਦੋਂ ਪਾਤਸ਼ਾਹ ਨੇ ਵਿਸਾਖੀ ਦੇ ਦਿਹਾੜੇ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਅਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦਾ ਨਾਮ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿੱਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਤੋਂ ਵੀ ਵਧ ਗਿਆ। ਸੂਰਬੀਰ ਹੋਣ ਦੇ ਨਾਲ਼-ਨਾਲ਼ ਆਪ ਆਪਣੇ ਸਮੇਂ ਦੇ ਸਥਾਪਿਤ ਕਥਾ-ਵਾਚਕ ਵੀ ਸਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਹੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ।

ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ਼ ਮਸਤਾਇਆ ਸੀ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਦੇ ਫ਼ਰਜੰਦਾਂ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਇੱਕ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕਰ ਦਿੱਤੀ। ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਤਕ ਜਿੱਥੇ ਦਸਵੇਂ ਪਾਤਸ਼ਾਹ ਦਾ ਪਰਿਵਾਰ ਅਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋ ਗਏ। ਸ੍ਰੀ ਮੁਕਤਸਰ ਦੀ ਲੜਾਈ ਤੋਂ ਬਾਅਦ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਪਹੁੰਚੇ ਤਾਂ ਭਾਈ ਮਨੀ ਸਿੰਘ ਨੇ ਵੀ ਉੱਥੇ

ਪਹੁੰਚ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਤੋਂ ਦਮਦਮੀ ਬੀੜ ਲਿਖਵਾਈ ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕੀਤੀ ਗਈ। ਸੰਨ 1721 ਤੋਂ ਭਾਈ ਮਨੀ ਸਿੰਘ ਜੀ ਸਿੱਖ ਕੌਮ ਦੀ ਰਹਿਨੁਮਾਈ ਕਰ ਰਹੇ ਸਨ। ਦੀਵਾਲ਼ੀ ਅਤੇ ਵਿਸਾਖੀ ਦੇ ਤਿਉਹਾਰਾਂ ਮੌਕੇ ਉਹ ਅਕਸਰ ਇੱਕ ਵੱਡਾ ਇਕੱਠ ਕਰ ਕੇ ਸਿੱਖ ਸੰਗਤਾਂ ਨੂੰ ਆਪਸ ਵਿੱਚ ਮਿਲਾਉਣ ਬੈਠਾਉਣ ਦਾ ਯਤਨ ਕਰਿਆ ਕਰਦੇ ਸਨ।



ਇਨ੍ਹਾਂ ਮਿਲਣੀਆਂ/ਬੈਠਕਾਂ ਸਦਕਾ ਹੀ ਸਿੱਖ ਕੌਮ ਸੰਕਟਕਾਲੀਨ ਸਮਿਆਂ ਵਿੱਚ ਵੀ ਚੜ੍ਹਦੀ ਕਲਾ ਵਿੱਚ ਰਹਿੰਦੀ ਰਹੀ ਹੈ। 70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਦਾ ਸਰੀਰ ਬੇਸ਼ੱਕ, ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਵਿੱਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ। ਸੰਮਤ 1790 ਬਿਕ੍ਰਮੀ ਦਾ ਦੀਵਾਲ਼ੀ ਦਾ ਪੁਰਬ ਨੇੜੇ ਆ ਰਿਹਾ ਸੀ। ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਮੁੱਖ ਗ੍ਰੰਥੀ ਦੇ ਰੂਪ ਵਿੱਚ ਕਰ ਰਹੇ ਸਨ। ਇਸ ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀਆਂ ਸ੍ਰ. ਸੁਬੇਗ ਸਿੰਘ ਅਤੇ ਸ੍ਰ. ਸੂਰਤ ਸਿੰਘ ਨੂੰ ਨਾਲ਼ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖਾਨ ਕੋਲ਼ ਗਏ। ਸੂਬੇਦਾਰ ਨੇ 10,000 ਦੀ ਰਕਮ ਜਜ਼ੀਏ ਵਜੋਂ ਮੰਗ ਲਈ ਜੋ ਭਾਈ ਮਨੀ ਸਿੰਘ ਨੇ ਮੇਲੇ ਉਪਰੰਤ ਦੇਣੀ ਮੰਨ ਲਈ। ਆਪਸੀ ਸਹਿਮਤੀ ਹੋਣ ਦੇ ਬਾਵਜੂਦ ਵੀ ਲਾਹੌਰ ਦੇ ਸੂਬੇਦਾਰ ਦਾ ਮਨ ਬੇਈਮਾਨ ਹੋ ਗਿਆ। ਇਸ ਬੇਈਮਾਨੀ ਤਹਿਤ ਉਸ ਨੇ ਮੇਲੇ 'ਤੇ ਜੁੜਨ ਵਾਲ਼ੀਆਂ ਸੰਗਤਾਂ ਨੂੰ ਖ਼ਤਮ ਕਰਨ ਦੀ ਠਾਣ ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਉਨ੍ਹਾਂ ਨੇ ਸੰਗਤਾਂ ਨੂੰ ਉੱਥੇ ਆਉਣ ਤੋਂ ਰੋਕਣ ਲਈ ਸਿੰਘਾਂ ਨੂੰ ਭੇਜਿਆ। ਜਿਸ ਕਰਕੇ ਸੰਗਤਾਂ ਦਾ ਇਕੱਠ ਨਹੀਂ ਹੋਇਆ। ਭਾਈ ਮਨੀ ਸਿੰਘ ਜੀ ਨੇ ਹਕੂਮਤ ਦੇ ਇਸ ਵਿਹਾਰ ਦੀ ਨਿਖੇਧੀ ਕੀਤੀ। ਜ਼ਕਰੀਆ ਖਾਨ ਨੇ ਭਾਈ ਸਾਹਿਬ ਕੋਲ਼ੋਂ ਜਜ਼ੀਏ ਦੀ ਰਕਮ ਵਸੂਲ ਕਰਨੀ ਚਾਹੀ, ਪਰ ਜਵਾਬ ਵਿੱਚ ਭਾਈ ਮਨੀ ਸਿੰਘ ਨੇ ਕਿਹਾ ਕਿ, "ਇਕੱਠ ਤਾਂ ਤੁਸੀਂ ਹੋਣ ਨਹੀਂ ਦਿੱਤਾ ਫਿਰ ਕਿਹੜੀ ਰਕਮ ਦੀ ਗੱਲ ਕਰਦੇ ਹੋ?" ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਜ਼ਕਰੀਆਂ ਖਾਨ ਨੇ ਜੁਰਮਾਨਾ ਨਾ ਭਰਨ ਦੀ ਸੂਰਤ ਵਿੱਚ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖ ਦਿੱਤੀ ਜੋ ਭਾਈ ਸਾਹਿਬ ਨੇ ਅਪ੍ਰਵਾਨ ਕਰ ਦਿੱਤੀ।

ਕੋਈ ਗੱਲ ਨਾ ਬਣਦੀ ਦੇਖ ਕੇ ਲਾਹੌਰ ਦੇ ਸੂਬੇਦਾਰ ਨੇ ਭਾਈ ਸਾਹਿਬ ਦੇ ਸਰੀਰ ਦਾ ਬੰਦ-ਬੰਦ ਕੱਟਣ ਦਾ ਹੁਕਮ ਦੇ ਦਿੱਤਾ। ਹੁਕਮ ਦੀ ਤਮੀਲ ਕਰਨ ਹਿਤ ਸਿਪਾਹੀ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਦੇ ਮੈਦਾਨ ਵਿੱਚ ਲੈ ਗਏ। ਭਾਈ ਮਨੀ ਸਿੰਘ ਨੇ ਇਸ ਸਜ਼ਾ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕਰ ਲਿਆ ਅਤੇ ਸ਼ਹਾਦਤ ਦਾ ਜਾਮ ਪੀ ਗਏ।



ਮੂਲ: ਗਿਲਬ੍ਰਟ ਬਲੈਕਸਾ
ਅਨੁ: ਨਿਰਮਲ ਪ੍ਰੇਮੀ
94631-61691

# ਦੈਂਤ ਦਾ ਅੰਤ

ਚਿੱਟੇ ਰੰਗ ਦੀ ਉਸ ਦੈਂਤਕਾਰ ਚਿੱਟੀ ਸ਼ਾਰਕ ਮੱਛੀ ਦਾ ਨਾਂ ਪੁਲਿਸ ਨੇ ਦੈਂਤ ਰੱਖ ਦਿੱਤਾ ਸੀ। ਕਿੰਨੇ ਹੀ ਬੇਕਸੂਰ ਆਦਮੀ, ਔਰਤਾਂ ਉਸ ਦੇ ਬੇਰਹਿਮ ਜਬਾੜਿਆਂ ਦਾ ਸ਼ਿਕਾਰ ਹੋ ਕੇ ਆਪਣੀ ਜ਼ਿੰਦਗੀ ਤੋਂ ਹੱਥ ਧੋ ਚੁੱਕੇ ਸਨ। ਉਸ ਪੂਰੇ ਸਮੁੰਦਰੀ ਇਲਾਕੇ ਵਿੱਚ ਸ਼ਾਰਕ ਦੇ ਕਾਰਨ ਸਨਸਨੀ ਫ਼ੈਲ ਗਈ ਸੀ। ਉਸ ਨੂੰ ਫੜਣ ਜਾਂ ਖ਼ਤਮ ਕਰਨ ਦੀਆਂ ਹੁਣ ਤੱਕ ਦੀਆਂ ਕੀਤੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ ਸਨ। ਆਖ਼ਿਰ ਪੁਲਿਸ ਨੇ ਕੈਂਟ ਨਾਮਕ ਇੱਕ ਮਸ਼ਹੂਰ ਸ਼ਿਕਾਰੀ ਨੂੰ ਬੁਲਾਇਆ। ਪੁਲਿਸ ਨੇ ਦੋ ਅਧਿਕਾਰੀ ਬ੍ਰਾਡੀ ਅਤੇ ਹੋਮਰ ਸਮੁੰਦਰ ਵਿੱਚ ਉਸਦਾ ਸਾਥ ਦੇਣ ਨੂੰ ਤਿਆਰ ਹੋ ਗਏ।

ਇੱਕ ਵੱਡੇ ਸਾਰੇ ਲੋਹੇ ਦੇ ਪਿੰਜਰੇ ਨੂੰ ਦੇਖ ਕੇ ਕੈਂਟ ਨੇ ਪੁੱਛਿਆ, ‘‘ਇਹ ਕਿਹਦੇ ਲਈ ਹੈ?’’ ਹੋਮਰ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ, ‘‘ਇਸ ਨੂੰ ਸ਼ਾਰਕ ਦਾ ਪਿੰਜਰਾ ਕਹਿੰਦੇ ਸਨ। ਜਦ ਸ਼ਾਰਕ ਨਜ਼ਰ ਆਏਗੀ ਤਾਂ ਮੈਂ ਇਸ ਪਿੰਜਰੇ ਵਿੱਚ ਬੈਠ ਕੇ ਸਮੁੰਦਰ ਦੇ ਅੰਦਰ ਉਤਰ ਜਾਊਂਗਾ ਅਤੇ ਕੈਮਰੇ ਨਾਲ਼ ਉਸ ਦੀਆਂ ਤਸਵੀਰਾਂ ਲਾਹਵਾਂਗਾ।’’

ਦੁਪਹਿਰ ਦੇ ਸਮੇਂ ਉਨ੍ਹਾਂ ਨੂੰ ਆਪਣੀ ਕਿਸ਼ਤੀ ਤੋਂ ਕੁਝ ਦੂਰ ਸ਼ਾਰਕ ਨਜ਼ਰ ਆਈ। ਉਸ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ। ਕੈਂਟ ਨੇ ਜਲਦੀ ਨਾਲ਼ ਡਰੰਮ ’ਚੋਂ ਇੱਕ ਜਿਉਂਦੀ ਮੱਛੀ ਕੱਢੀ ਅਤੇ ਲੋਹੇ ਦੀ ਜ਼ੰਜੀਰ ਨਾਲ ਕਾਂਟੇ ਵਿੱਚ ਪਰੋਕੇ ਪਾਣੀ ਵਿੱਚ ਛੱਡ ਦਿੱਤੀ, ਮੱਛੀ ਕਿਸ਼ਤੀ ਤੋਂ ਛੇ ਫੁੱਟ ਦੇ ਦਾਇਰੇ ਵਿੱਚ ਤੈਰਨ ਲੱਗੀ। ਕੈਂਟ ‘ਹਾਰਪੂਨ’ (ਮੱਛੀ ਮਾਰਨੇ ਦਾ ਭਾਲ਼ਾ) ਲੈ ਕੇ ਹਮਲੇ ਦੇ ਲਈ ਪੂਰੀ ਤਰ੍ਹਾਂ ਤਿਆਰ ਸੀ।

ਅਤੇ ਫਿਰ ਅਚਾਨਕ ਕਿਸ਼ਤੀ ਨੂੰ ਜ਼ੋਰਦਾਰ ਧੱਕਾ ਲੱਗਾ ਅਤੇ ਉਹ ਇੱਕ ਪਾਸੇ ਵੱਲ ਝੁੱਕ ਗਈ। ਕੈਂਟ ਲੜਖੜਾ ਕੇ ਫ਼ਰਸ਼ ’ਤੇ ਡਿੱਗ ਪਿਆ। ਜਦ ਤੱਕ ਉਹ ਤਿੰਨੋਂ ਸੰਭਲਦੇ ਸ਼ਾਰਕ ਚਾਰੇ ਦੀ ਮੱਛੀ ਹੜੱਪ ਕੇ ਦੂਰ ਜਾ ਚੁੱਕੀ ਸੀ।

ਹੋਮਰ ਨੇ ਕਿਹਾ, ‘‘ਹੁਣ ਮੈਨੂੰ ਆਪਣਾ ਉਪਾਅ ਕਰਨ ਦੇਵੋ। ਮੈਂ ਪਿੰਜਰੇ ਵਿੱਚ ਬੈਠ ਕੇ ਥੱਲ੍ਹੇ ਜਾਊਂਗਾ ਅਤੇ ਉਸ ਦਾ ਧਿਆਨ ਆਪਣੇ ਵੱਲ ਆਕਰਿਸ਼ਤ ਕਰੂੰਗਾ। ਥੋੜ੍ਹੀ ਦੇਰ ਬਾਅਦ ਹੀ ਉਹ ਪਿੰਜਰੇ ਵਿੱਚ ਬੈਠ ਕੇ ਸਮੁੰਦਰ ਦੇ ਥੱਲੇ ਪਹੁੰਚ ਚੁੱਕਾ ਸੀ। ਪਿੰਜਰਾ ਇੱਕ ਰੱਸੇ ਸਹਾਰੇ ਕਿਸ਼ਤੀ ਨਾਲ਼ ਬੰਨਿਆ ਹੋਇਆ ਸੀ। ਜਦ ਹੋਮਰ ਦੀਆਂ ਅੱਖਾਂ ਹਨੇਰੇ ਪਾਣੀ ਵਿੱਚ ਦੇਖਣ ਦੀਆਂ ਆਦੀ ਹੋ ਗਈਆਂ ਤਾਂ ਉਸਨੂੰ ਥੱਲ੍ਹੇ ਦੇ ਵੱਲ ਨੀਲ਼ੇ ਹਨੇਰੇ ਦੇ ਪਰਦੇ ’ਤੇ ਦੈਂਤਕਾਰ ਸ਼ਾਰਕ ਮੱਛੀ ਦਾ ਪ੍ਰਛਾਵਾਂ ਨਜ਼ਰ

ਆਇਆ।

ਸ਼ਾਰਕ ਬੜੀ ਖ਼ਾਮੋਸ਼ੀ ਨਾਲ਼ ਉਸਦੇ ਬਿਲਕੁਲ ਨੇੜੇ ਆ ਗਈ ਅਤੇ ਫਿਰ ਪਿੰਜਰੇ ਦੇ ਅੱਗਿਓਂ ਲੰਘ ਗਈ। ਉਸਦੀਆਂ ਸੰਘਣੀਆਂ ਕਾਲ਼ੀਆਂ ਅੱਖਾਂ ਹੋਮਰ 'ਤੇ ਜੰਮੀਆਂ ਸਨ। ਅੱਧਖੁੱਲ੍ਹੇ ਜਬਾੜੇ ਨਾਲ਼ ਤਿੱਖੇ ਦੰਦਾਂ ਦੀ ਆਰੀ ਸਾਫ਼ ਦਿਖਾਈ ਦੇ ਰਹੀ ਸੀ। ਹੋਮਰ ਨੇ ਕੈਮਰਾ ਸੰਭਾਲ਼ ਲਿਆ। ਇਹੋ ਜਿਹੇ ਅਜੀਬ ਖ਼ਾਮੋਸ਼ੀ ਪਸਰੀ ਸੀ ਕਿ ਉਹ ਆਪਣੇ ਦਿਲ ਦੀ ਧੜਕਣ ਸਾਫ਼ ਸੁਣ ਸਕਦਾ ਸੀ।

ਸ਼ਾਰਕ ਲੰਬਾ ਚੱਕਰ ਕੱਢ ਕੇ ਵਾਪਸ ਆਈ। ਉਸਦੇ ਅੰਦਰ ਇੱਕ ਅਜੀਬ ਜਿਹੀ ਬੇਚੈਨੀ ਦਿਖਾਈ ਦੇ ਰਹੀ ਸੀ। ਇਸ ਵਾਰ ਰਫ਼ਤਾਰ ਬਹੁਤ ਤੇਜ਼ ਸੀ ਅਤੇ ਉਸ ਦੀ ਪੂਛ ਅਸਾਧਾਰਨ ਰੂਪ ਨਾਲ਼ ਹਿੱਲ ਰਹੀ ਸੀ ਅਤੇ ਫਿਰ ਉਹ ਭਰਪੂਰ ਤਾਕਤ ਦੇ ਨਾਲ਼ ਪਿੰਜਰੇ ਨਾਲ਼ ਟਕਰਾ ਗਈ। ਅਜੀਬ ਜਿਹਾ ਸ਼ੋਰ ਹੋਇਆ। ਉਸਦਾ ਮੂੰਹ ਪਿੰਜਰੇ ਦੀਆਂ ਦੋ ਸਲਾਖ਼ਾਂ ਦੇ ਵਿੱਚ ਫਸ ਗਿਆ। ਉਹ ਅਜੀਬ ਤਰੀਕੇ ਨਾਲ਼ ਜ਼ੋਰ ਲਗਾ ਰਹੀ ਸੀ। ਪਿੰਜਰਾ ਹਨੇਰੀ ਵਿੱਚ ਫਸੇ ਹੋਏ ਪੱਤੇ ਦੇ ਵਾਂਗ ਹਿੱਲ ਰਿਹਾ ਸੀ। ਹੋਮਰ ਆਪਣੇ ਆਪ ਨੂੰ ਸੰਭਾਲ਼ ਨਹੀਂ ਪਾ ਰਿਹਾ ਸੀ। ਸਿਰਫ਼ ਕੁਝ ਸੈਕਿੰਡ ਹੀ ਸ਼ਾਰਕ ਨੇ ਜ਼ੋਰ ਲਗਾਇਆ।

ਸਲਾਖ਼ਾਂ ਟੇਢੀਆਂ ਹੋ ਗਈਆਂ ਅਤੇ ਉਸਨੂੰ ਅੰਦਰ ਆਉਣ ਦੇ ਲਈ ਜਗ੍ਹਾ ਮਿਲ ਗਈ। ਪਿੰਜਰੇ ਵਿੱਚ ਭੂਚਾਲ ਜਿਹਾ ਆ ਗਿਆ ਸੀ ਅਤੇ ਹੋਮਰ ਲੜਖੜਾ ਕੇ ਥੱਲੇ ਡਿੱਗ ਪਿਆ। ਉਸਦੀ ਸਾਹ ਲੈਣ ਦੀ ਨਲੀ ਮੂੰਹ 'ਚੋਂ ਨਿਕਲ ਚੁੱਕੀ ਸੀ ਅਤੇ ਕੈਮਰਾ ਉਸਦੇ ਹੱਥਾਂ 'ਚੋਂ ਦੂਰ ਜਾ ਪਿਆ ਸੀ। ਉਸਨੇ ਪਿਸਤੌਲ ਨੂੰ ਸੰਭਾਲ਼ਣ ਦੀ ਕੋਸ਼ਿਸ਼ ਕੀਤੀ। ਉਸਨੇ ਉਸਨੂੰ ਸੱਜੇ ਹੱਥ ਵਿੱਚ ਫੜ ਤਾਂ ਲਿਆ, ਪਰ ਇਸਤੋਂ ਪਹਿਲਾਂ ਕਿ ਉਸਨੂੰ ਸ਼ਾਰਕ ਦੇ ਵੱਲ ਘੁੰਮਾਉਂਦਾ, ਸ਼ਾਰਕ ਨੇ ਇੱਕ ਜ਼ੋਰਦਾਰ ਝਟਕਾ ਪਿੰਜਰੇ ਨੂੰ ਦਿੱਤਾ ਅਤੇ ਕੈਮਰੇ ਦੇ ਵਾਂਗ ਹੀ ਉਸਦੇ ਕਬਜ਼ੇ 'ਚੋਂ ਨਿਕਲ ਗਈ।

ਸ਼ਾਰਕ ਨੇ ਪਾਸਾ ਬਦਲਿਆ। ਅਲਮਿਊਨਿਮ ਦੀਆਂ ਸਲਾਖ਼ਾਂ ਬਹੁਤ ਭਾਰ ਬਰਦਾਸਤ ਨਾ ਕਰ ਸਕੀਆਂ ਅਤੇ ਸ਼ਾਰਕ ਦਾ ਭਾਰੀ ਸਰੀਰ ਥੋੜ੍ਹਾ ਜਿਹਾ ਅੰਦਰ ਵੜ ਗਿਆ। ਹੋਮਰ ਬਿਜਲੀ ਦੀ ਤੇਜ਼ੀ ਨਾਲ਼ ਪਿੰਜਰੇ ਦੇ ਕੋਨੇ ਵਿੱਚ ਖਿਸਕ ਗਿਆ। ਆਕਸੀਜਨ ਦੇ ਬਿਨ੍ਹਾ ਸਾਹ ਲੈਣ ਵਿੱਚ ਉਸਨੂੰ ਬੇਹੱਦ ਤਕਲੀਫ਼ ਹੋ ਰਹੀ ਸੀ।

ਅਚਾਨਕ ਸ਼ਾਰਕ ਪਿੰਜਰੇ 'ਚੋਂ ਬਾਹਰ ਨਿਕਲ ਆਈ ਅਤੇ ਤੇਜ਼ੀ ਨਾਲ਼ ਉਸਦੇ ਦੁਆਲ਼ੇ ਚੱਕਰ ਕੱਢਣ ਲੱਗੀ। ਹੋਮਰ ਨੂੰ ਇੱਕ ਚੰਗਾ ਮੌਕਾ ਮਿਲ ਗਿਆ। ਉਸਨੇ ਹੱਥ ਵਧਾ ਕੇ ਆਕਸਜੀਨ ਸਿਲੰਡਰ ਦੀ ਨਲ਼ੀ ਫੜ ਲਈ ਅਤੇ ਤੁਰੰਤ ਮੂੰਹ ਦੇ ਅੰਦਰ ਲੈ ਗਿਆ। ਕਾਹਲ਼ੀ 'ਚ ਉਸਨੂੰ ਯਾਦ ਨਾ ਰਿਹਾ ਕਿ ਫੂਕ ਮਾਰਕੇ ਨਲੀ ਵਿੱਚ ਜੰਮਿਆ ਹੋਇਆ ਪਾਣੀ ਸਾਫ਼ ਕਰ ਲੈਣਾ ਚਾਹੀਦੇ। ਤੇਜ਼ ਤੇਜ਼ ਸਾਹ ਦੇ ਨਾਲ਼ ਪਾਣੀ ਫ਼ੇਫ਼ੜਿਆਂ ਵਿੱਚ ਜਾ ਵੜਿਆ। ਇਹ ਬੜੀ ਨਾਜ਼ੁਕ ਘੜੀ ਸੀ। ਉਸ 'ਤੇ ਖੰਘ ਦਾ ਤੇਜ਼ ਦੌਰਾ ਪਿਆ ਅਤੇ ਉਹ ਨਿਢਾਲ ਹੋ ਗਿਆ। ਫਿਰ ਉਸਨੇ ਸਹੀ ਢੰਗ ਨਾਲ਼ ਡੂੰਘਾ ਸਾਹ ਲਿਆ ਅਤੇ ਖ਼ੁਦ 'ਤੇ ਕਾਬੂ ਪਾਉਣ ਵਿੱਚ ਸਫ਼ਲ ਹੋ ਗਿਆ, ਪਰ ਦੂਜੇ ਪਾਸੇ ਸਲਾਖ਼ਾਂ 'ਚੋਂ ਸ਼ਾਰਕ ਮੁੜ ਅੰਦਰ ਵੜਣ ਦੀ ਕੋਸ਼ਿਸ਼ ਕਰ ਰਹੀ ਸੀ। ਹੋਮਰ ਦੇ ਹੋਸ਼ ਗੁੰਮ ਹੋਣ ਲੱਗੇ। ਪਿਸਤੌਲ ਉਸਦੇ ਹੱਥ ਤੋਂ ਬਹੁਤ ਦੂਰ ਸੀ।

ਸ਼ਾਰਕ ਨੇ ਆਪਣਾ ਮੂੰਹ ਸਲਾਖ਼ਾਂ ਦੇ ਅੰਦਰ ਫਸਾ ਕੇ ਜ਼ੋਰ ਨਾਲ਼ ਝਟਕਾ ਦਿੱਤਾ। ਹੋਮਰ ਮੂਧੇ ਮੂੰਹ ਡਿੱਗ ਪਿਆ। ਫਿਰ ਉਸਦੇ ਸੰਭਲਣ ਤੋਂ ਪਹਿਲਾਂ ਹੀ ਮੱਛੀ ਨੇ ਖ਼ੌਫ਼ਨਾਕ ਜਬਾੜਾ ਖੋਲ੍ਹਿਆ ਅਤੇ ਹੋਮਰ ਦੀਆਂ ਅੱਖਾਂ ਦੇ ਸਾਹਮਣੇ ਮੌਤ ਨੱਚਣ ਲੱਗੀ। ਸ਼ਾਰਕ ਨੇ ਇੱਕ ਹੋਰ ਪਾਸਾ ਬਦਲਿਆ ਅਤੇ ਹੋਮਰ ਨੂੰ ਬਾਹਰ ਘੜੀਸ ਲਿਆਈ। ਉਹ ਉਸਦੇ ਮੂੰਹ 'ਚੋਂ ਛੁੱਟ ਕੇ ਉੱਪਰ ਦੇ ਵੱਲ ਭੱਜਿਆ। ਸ਼ਾਰਕ ਨੇ ਉਸਦਾ ਪਿੱਛਾ ਕੀਤਾ। ਉਹ ਜਿਉਂ ਹੀ ਉੱਪਰ ਦਿਖਾਈ ਦਿੱਤੀ, ਕਿਸ਼ਤੀ ਵਿੱਚ ਖੜ੍ਹਾ ਬਰਾਂਡੀ ਚੀਕਿਆ, "ਉਹ ਉੱਪਰ ਆ ਰਹੀ ਹੈ।" ਸ਼ਾਰਕ ਕਿਸ਼ਤੀ ਤੋਂ ਪੰਦਰਾਂ ਫੁੱਟ ਪਿੱਛੇ ਪਾਣੀ ਦੀ ਸਤਿਹ 'ਤੇ ਪ੍ਰਗਟ ਹੋਈ। "ਫਾਇਰ ਕਰੋ, ਫਾਇਰ ਕਰੋ" ਕੈਂਟ ਨੇ ਚੀਕਦੇ ਹੋਏ ਬਰਾਂਡੀ ਨੂੰ ਕਿਹਾ।

ਬਰਾਂਡੀ ਨੇ ਨਿਸ਼ਾਨਾ ਲੈ ਕੇ ਇੱਕ ਦੇ ਬਾਅਦ ਇੱਕ ਤਿੰਨ ਗੋਲ਼ੀਆਂ ਚਲਾਈਆਂ। ਪਹਿਲੀਆਂ ਦੋ ਗੋਲ਼ੀਆਂ ਸ਼ਾਰਕ ਦੇ ਸਾਹਮਣੇ ਪਾਣੀ ਵਿੱਚ ਡਿੱਗੀਆਂ।

ਇੱਕ ਗੋਲ਼ੀ ਉੱਪਰ ਤੋਂ ਨਿਕਲ ਗਈ। ਕੈਂਟ ਨੇ ਖਿੱਝਕੇ ਉਸਤੋਂ ਰਾਇਫਲ ਖੋਹ ਲਈ ਅਤੇ ਬਿਜਲੀ ਜਿਹੀ ਤੇਜ਼ੀ ਨਾਲ਼ ਦੋ ਫਾਇਰ ਦਾਗ਼ ਦਿੱਤੇ। ਨਿਸ਼ਾਨਾ ਸਹੀ ਸੀ, ਪਰ ਇਸ ਵਿਚਾਲੇ ਸ਼ਾਰਕ ਪਾਣੀ ਦੀ ਅਥਾਹ ਡੂੰਘਾਈ ਵਿੱਚ ਗਾਇਬ ਹੋ ਚੁੱਕੀ ਸੀ।

ਦੂਸਰੇ ਦਿਨ ਬੁਰੀ ਤਰ੍ਹਾਂ ਜ਼ਖ਼ਮੀ ਹੋਣ ਦੇ ਬਾਵਜੂਦ ਵੀ ਹੋਮਰ ਉਹਨਾਂ ਦੇ ਨਾਲ਼ ਮਿਸ਼ਨ ’ਤੇ ਨਿਕਲਿਆ। ਉਹ ਸ਼ਾਰਕ ਨੂੰ ਖ਼ਤਮ ਕਰਨੇ ਦੀ ਸਹੁੰ ਖਾ ਚੁੱਕਾ ਸੀ। ਦੂਸਰੇ ਦਿਨ ਹੋਮਰ ਚਾਰੇ ਦੇ ਲਈ ਭੇਡ ਦਾ ਇੱਕ ਨਵਜੰਮਿਆ ਬੱਚਾ ਲਿਆ ਸੀ, ਉਸਨੇ ਉਸਦਾ ਪੇਟ ਚੀਰਕੇ ਕੰਡੇ ਵਿੱਚ ਪਰੋ ਦਿੱਤਾ ਅਤੇ ਪਾਣੀ ਵਿੱਚ ਸੁੱਟ ਦਿੱਤਾ। ਕਿਸ਼ਤੀ ਤੋਂ ਉਸਦਾ ਫ਼ਾਸਲਾ ਵੀਹ ਫੁੱਟ ਨਾਲ਼ੋਂ ਵੱਧ ਨਹੀਂ ਸੀ। ਬਰਾਂਡੀ ਡਰਮ ’ਚੋਂ ਚਾਰਾ ਕੱਢ ਕੇ ਪਾਣੀ ’ਚ ਸੁੱਟ ਰਿਹਾ ਸੀ। ਅਚਾਨਕ ਉਸ ਨੂੰ ਪੰਜ ਫੁੱਟ ਦੀ ਦੂਰੀ ’ਤੇ ਸ਼ਾਰਕ ਦਾ ਪਹਾੜ ਜਿੱਡਾ ਸਿਰ ਨਜ਼ਰ ਆਇਆ। ਬਰਾਂਡੀ ਨੇ ਭੈਭੀਤ ਹੋ ਕੇ ਹੋਮਰ ਨੂੰ ਆਵਾਜ਼ ਮਾਰੀ।

ਹੋਮਰ ਪਲ ਵਿੱਚ ਹੀ ਉਸਦੇ ਕੋਲ਼ ਪਹੁੰਚਿਆ। ਮੱਛੀ ਦਾ ਸਿਰ ਪਾਣੀ ’ਚ ਗਾਇਬ ਹੋ ਚੁੱਕਾ ਸੀ ਅਤੇ ਫਿਰ ਉਹ ਕਿਸ਼ਤੀ ਦੇ ਕੋਲ਼ ਨਿਕਲੀ ਅਤੇ ਕੰਡੇ ਵਿੱਚ ਪਰੋਇਆ ਹੋਇਆ ਭੇਡ ਦਾ ਬੱਚਾ ਇੱਕ ਹੀ ਝੱਟਕੇ ਵਿੱਚ ਹੜੱਪ ਕਰ ਗਈ। ਹੋਮਰ ਨੇ ਹੱਥ ਚੁੱਕ ਕੇ ਪੂਰੀ ਤਾਕਤ ਨਾਲ਼ ਹਾਰਪੂਨ ਉਸਦੇ ਵੱਲ ਸੁੱਟਿਆ, ਜੋ ਅੱਖ ਝਮਕਦੇ ਹੀ ਉਸਦੇ ਸਰੀਰ ਵਿੱਚ ਖੁੱਭ ਗਿਆ। ਹੋਮਰ ਨੂੰ ਮੱਛੀ ਦੀ ਵਾਪਸੀ ਦਾ ਪੂਰਾ ਯਕੀਨ ਸੀ। ਉਸਦਾ ਅੰਦਾਜ਼ਾ ਸਹੀ ਨਿਕਲਿਆ। ਹੁਣ ਉਹ ਤੇਜ਼ੀ ਨਾਲ਼ ਕਿਸ਼ਤੀ ਦੇ ਵੱਲ ਵੱਧ ਰਹੀ ਸੀ। ਹੋਮਰ ਨੇ ਇੱਕ ਹੋਰ ਹਾਰਪੂਨ ਸੁੱਟਿਆ, ਜੋ ਉਸਦੇ ਨਰਮ ਅਤੇ ਚਿੱਟੇ ਪੇਟ ਵਿੱਚ ਖੁੱਭ ਗਿਆ। ਪਾਣੀ ਵਿੱਚ ਖ਼ੂਨ ਦਾ ਫਵਾਰਾ ਉੱਛਲ ਪਿਆ। ਸ਼ਾਰਕ ਵਾਪਸ ਮੁੜ ਗਈ।

ਕੈਂਟ ਨੇ ਮੋਟਰ ਬੋਟ ਦਾ ਇੰਜਣ ਚਾਲੂ ਕੀਤਾ ਅਤੇ ਹਲਕੀ ਰਫ਼ਤਾਰ ਨਾਲ਼ ਅੱਗੇ ਵਧਿਆ। ਸ਼ਾਰਕ ਪਾਣੀ ਵਿੱਚ ਗਾਇਬ ਹੋ ਚੁੱਕੀ ਸੀ ਅਤੇ ਕੈਂਟ ਦਾ ਵਿਚਾਰ ਸੀ ਕਿ ਉਹ ਮਰ ਚੁੱਕੀ ਹੈ, ਪਰ ਕੁਝ ਮਿੰਟਾਂ ਬਾਅਦ ਪਾਣੀ ਵਿੱਚ ਜ਼ਬਰਦਸਤ ਹਿਲਜੁਲ ਹੋਈ। ਕੈਂਟ ਨੇ ਮੋਟਰ ਦੀ ਰਫ਼ਤਾਰ ਤੇਜ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਸ਼ਾਰਕ ਕਿਸ਼ਤੀ ਦੇ ਕੋਲ਼ੋਂ ਨਿਕਲਕੇ ਪਾਣੀ ਦੇ ਬਾਹਰ ਆਈ ਅਤੇ ਜ਼ੋਰਦਾਰ ਧਮਾਕੇ ਨਾਲ਼ ਕਿਸ਼ਤੀ ਦੇ ਅਗਲੇ ਹਿੱਸੇ ਵਿੱਚ ਆ ਡਿੱਗੀ। ਕੈਂਟ ਬਾਲ-ਬਾਲ ਬਚਿਆ। ਉਸਦੇ ਤਿੱਖੇ ਪਰ ਕੈਂਟ ਦੇ ਸਰੀਰ ਤੋਂ ਸਿਰਫ਼ ਅੱਧੇ ਇੰਚ ਦੇ ਫ਼ਾਸਲੇ ’ਤੇ ਸਨ।

ਮੱਛੀ ਦੇ ਭਾਰ ਦੇ ਕਾਰਨ ਕਿਸ਼ਤੀ ਦਾ ਪਿੱਛਲਾ ਹਿੱਸਾ ਉੱਪਰ ਉੱਠ ਗਿਆ ਸੀ ਅਤੇ ਅਗਲੇ ਵਿੱਚ ਪਾਣੀ ਭਰਨ ਲੱਗਾ ਸੀ। ਹੋਮਰ ਅੱਗੇ ਵਧਿਆ। ਉਸਨੇ ਮੱਛੀ ਦੇ ਸਿਰ ਵਿੱਚ ਖੁੱਭਿਆ ਹੋਇਆ ਹਾਰਪੂਨ ਖਿੱਚ ਕੇ ਬਾਹਰ ਕੱਢ ਲਿਆ ਅਤੇ ਫਿਰ ਪੂਰੀ ਤਾਕਤ ਨਾਲ਼ ਮੱਛੀ ਦੇ ਪੇਟ ’ਚ ਖੋਭ ਦਿੱਤਾ। ਮੱਛੀ ਤੜਫ਼ੀ ਅਤੇ ਭੁੜਕ ਕੇ ਪਾਣੀ ਵਿੱਚ ਜਾ ਡਿੱਗੀ। ਹੋਮਰ ਦਾ ਪੈਰ ਮੱਛੀ ਦੇ ਪੇਟ ’ਚ ਖੁੱਭੇ ਹੋਏ ਹਾਰਪੂਨ ਦੀ ਰੱਸੀ ’ਚ ਉਲਝ ਗਿਆ। ਉੱਧਰ ਮੱਛੀ ਦੇ ਡਿੱਗਣ ਨਾਲ਼ ਅਚਾਨਕ ਜੋ ਝਟਕਾ ਲੱਗਾ, ਉਸਨੇ ਸੰਤੁਲਨ ਵਿਗਾੜ ਦਿੱਤਾ ਅਤੇ ਹੋਮਰ ਸਿਰ ਦੇ ਭਾਰ ਕਿਸ਼ਤੀ ਤੋਂ ਥੱਲ੍ਹੇ ਜਾ ਡਿੱਗਿਆ। ਸ਼ਾਰਕ ਨੇ ਦੂਸਰੀ ਬਾਰ ਆਪਣੇ ਦੁਸ਼ਮਣ ਨੂੰ ਮੌਤ ਦੇ ਮੂੰਹ ਵੱਲ ਘੜੀਸਿਆ ਸੀ।

ਕੈਂਟ ਅਤੇ ਬਰਾਂਡੀ ਹੱਥ ਮਲਦੇ ਦੇਖਦੇ ਰਹਿ ਗਏ। ਉਹ ਸਮੁੰਦਰ ਦੀ ਡੂੰਘਾਈ ਵਿੱਚ ਸ਼ਾਰਕ ਦੇ ਨਾਲ਼ ਚਿੰਬੜਿਆ-ਘਿਸੜਦਾ ਚਲਿਆ ਜਾ ਰਿਹਾ ਸੀ। ਉਸਨੇ ਪੈਰ ਛੁਡਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਸ਼ਾਰਕ ਜਿਸ ਖ਼ਤਰਨਾਕ ਤਰੀਕੇ ਨਾਲ਼ ਪਾਣੀ ’ਚ ਉੱਥਲ-ਪੁੱਥਲ ਮਚਾਉਂਦੀ ਭੱਜਦੀ ਜਾ ਰਹੀ ਸੀ, ਉਸਤੋਂ ਖ਼ੁਦ ਨੂੰ ਮੁਕਤ ਕਰਾ ਲੈਣਾ ਐਨਾ ਸੌਖਾ ਨਹੀਂ ਸੀ। ਜੇਕਰ ਉਹ ਘਬਰਾ ਜਾਂਦਾ ਤਾਂ ਨਿਸਚੈ ਹੀ ਡੁੱਬਕੇ ਮਰ ਜਾਂਦਾ, ਪਰ ਉਸਨੇ ਆਪਣੇ ਹੋਸ਼ ਅਤੇ ਹਵਾਸ ਨੂੰ ਕਾਬੂ ਵਿੱਚ ਰੱਖਿਆ ਇਸ ਲਈ ਉਹ ਜਿਉਂਦਾ ਬਚ ਸਕਿਆ।

ਕੁਝ ਦੂਰ ਸਿੱਧੇ ਭੱਜਣ ਦੇ ਬਾਅਦ ਸ਼ਾਰਕ ਠੰਢੀ ਹੋ ਗਈ ਅਤੇ ਮਰ ਗਈ। ਤਦ ਕਿਤੇ ਜਾ ਕੇ ਹੋਮਰ ਆਪਣਾ ਪੈਰ ਰੱਸੀ ਦੇ ਫੰਦੇ ’ਚੋਂ ਛੁਡਾ ਸਕਿਆ। ਉਸਦੇ ਸਾਥੀਆਂ ਨੇ ਸਹੀ ਮੌਕੇ ’ਤੇ ਉਸਨੂੰ ਬਾਹਰ ਕੱਢ ਲਿਆ। ਕਿਸ਼ਤੀ ਵਿੱਚ ਪਹੁੰਚਦੇ ਹੀ ਉਹ ਬੇਹੋਸ਼ ਹੋ ਕੇ ਡਿੱਗ ਪਿਆ।

ਜਸਬੀਰ ਭੁੱਲਰ



# ਥੇਹ

ਕਾਂਡ-2

ਥੇਹ ਪਿੰਡ ਦੇ ਬਹੁਤੇ ਘਰ ਕੱਚੇ ਸਨ, ਪਰ ਕੁਝ ਘਰ ਪੱਕੇ ਵੀ ਸਨ। ਉਹ ਪੱਕੇ ਘਰ ਨਾਨਕਸ਼ਾਹੀ ਇੱਟਾਂ ਦੇ ਬਣੇ ਹੋਏ ਸਨ।

ਉਜਾੜਾ ਹਰ ਇੱਕ ਲਈ ਇੱਕੋ ਜਿਹਾ ਸੀ, ਪੱਕਿਆਂ ਘਰਾਂ ਵਾਲ਼ਿਆਂ ਲਈ ਵੀ ਤੇ ਕੱਚਿਆਂ ਘਰਾਂ ਵਾਲ਼ਿਆਂ ਲਈ ਵੀ।

ਪਿੰਡ ਦੇ ਉਜਾੜੇ ਵੇਲ਼ੇ ਘਰਾਂ ਨੂੰ ਖ਼ਾਲੀ ਕਰਕੇ ਨਵੇਂ ਬਣੇ ਮੁਲਕ ਜਾਣ ਵਾਲ਼ਿਆਂ ਵਿੱਚ ਕੱਚਿਆਂ ਘਰਾਂ ਵਾਲ਼ੇ ਵੀ ਸਨ ਤੇ ਪੱਕਿਆਂ ਘਰਾਂ ਵਾਲ਼ੇ ਵੀ। ਉਧਰੋਂ ਉਜੜ ਕੇ ਆਇਆਂ ਦੀ ਗਿਣਤੀ ਵੀ ਵੱਡੀ ਸੀ। ਥੇਹ ਵਿੱਚ ਆਉਣ ਵਾਲ਼ਿਆਂ ਨੇ ਉਹ ਘਰ ਮੱਲ ਲਏ ਸਨ।

ਹਵਾ ਵਿੱਚ ਇਸ ਤਰ੍ਹਾਂ ਦਾ ਰੌਲ਼ਾ ਵੀ ਸੀ ਕਿ ਉਹਨਾਂ ਪੱਕੇ ਘਰਾਂ ਦੇ ਅੰਦਰ ਲੁਕਵੀਆਂ ਗੁਫ਼ਾਵਾਂ ਤੇ ਕੁੰਦਰਾਂ ਵੀ ਸਨ। ਕੁੰਦਰਾਂ ਮੋਹਤਬਰਾਂ ਦੇ ਖ਼ਜ਼ਾਨਾ ਲੁਕਾਉਣ ਦੇ ਕੰਮ ਆਉਂਦੀਆਂ ਸਨ। ਬਿਨ੍ਹਾ ਕਿਸੇ ਹੋਰ ਦੇ ਜਾਣਿਆ ਜੇ ਨੱਸਣਾ ਹੋਵੇ ਤਾਂ ਗੁਫ਼ਾਵਾਂ ਲੁਕ ਕੇ ਨੱਸਣ ਦੇ ਕੰਮ ਆਉਂਦੀਆਂ ਸਨ।

ਇਸ ਅਹਿਮ ਖ਼ਬਰ ਦੀ ਭਿਣਕ ਗੁਰੀ ਤੇ ਬੱਲੀ ਦੇ ਕੰਨੀਂ ਵੀ ਪੈ ਗਈ ਸੀ। ਉਹਨਾਂ ਇਹ ਸੂਹ ਵੀ ਕੱਢ ਲਈ ਕਿ ਉਹ ਗੁਫ਼ਾਵਾਂ ਤੇ ਕੁੰਦਰਾਂ ਬਸ ਕੁਝ ਕੁ ਘਰਾਂ ਵਿੱਚ ਹੀ ਸਨ। ਗੁਰੀ ਤੇ ਬੱਲੀ ਨੂੰ ਇਹ ਲੱਭਣਾ ਪੈਣਾ ਸੀ ਕਿ ਉਹ ਘਰ ਕਹੜੇ ਸਨ।

ਆਪਣੀ ਘੋਖ਼-ਪੜਤਾਲ ਦੇ ਦੌਰਾਨ ਗੁਰੀ ਨੇ ਨਾਹਰ ਸਿੰਘ ਨੂੰ ਪੁੱਛਿਆ, "ਆਂਹਦੇ ਨੇ ਥੇਹ ਦੇ ਕਈ ਘਰਾਂ ਵਿੱਚ ਗੁਫ਼ਾਵਾਂ ਵੀ ਹੈਗੀਆਂ ਨੇ ਤੇ ਕੁੰਦਰਾਂ ਵੀ?

ਨਾਹਰ ਸਿੰਘ ਨੇ ਸਪੱਸ਼ਟ ਜੁਆਬ ਦਿੱਤਾ, "ਸਭ ਬਕਵਾਸ ਐ। ਘਰਾਂ ਵਿੱਚ ਗੁਫ਼ਾਵਾਂ ਦਾ ਕੀ ਕੰਮ? ਅਲਬਤਾ ਤਹਿਖ਼ਾਨੇ ਜ਼ਰੂਰ ਹੋਣਗੇ, ਜੀਹਨਾਂ ਨੂੰ ਤੂੰ ਕੁੰਦਰਾਂ ਆਖ਼ਦਾ ਏਂ।"

"ਤਹਿਖ਼ਾਨੇ ਕਾਹਦੇ ਲਈ?"

"ਹਾੜੀ-ਸਾਉਣੀ ਦੀ ਫ਼ਸਲ ਕੁਝ ਦੇਰ ਲਈ ਤਹਿਖ਼ਾਨੇ ਵਿੱਚ ਰੱਖਦੇ ਹੋਣਗੇ ਤੇ ਫੇਰ ਵੇਚਣ ਲਈ ਮੰਡੀ ਲੈ ਜਾਂਦੇ ਹੋਣਗੇ।"

"ਜੇ ਭਲਾਂ ਗੁਫ਼ਾਵਾਂ ਵੀ ਹੋਣ ਤਾਂ...?"

ਨਾਹਰ ਸਿੰਘ ਹੱਸਿਆ, "ਪੁੱਤਰ! ਪੁਰਾਣੇ ਜ਼ਮਾਨੇ ਵਿੱਚ ਗੁਫ਼ਾਵਾਂ ਤੇ ਰਾਜਿਆਂ ਦੇ ਮਹਿਲਾਂ ਅਤੇ

ਕਿਲ੍ਹਿਆਂ ਵਿੱਚ ਹੁੰਦੀਆਂ ਸਨ। ਦੁਸ਼ਮਣ ਦੇ ਹੱਲੇ ਵੇਲ਼ੇ ਜੇ ਜਾਨ ਬਚਾਅ ਕੇ ਨੱਸਣ ਦੀ ਲੋੜ ਪਵੇ ਤਾਂ ਨੱਸ ਸਕਣ। ਆਮ ਬੰਦੇ ਨੂੰ ਗੁਫ਼ਾਵਾਂ ਦੀ ਕੀ ਲੋੜ?

ਬਾਪੂ ਦੇ ਖ਼ੁਲਾਸੇ ਤੋਂ ਪਿੱਛੋਂ ਵੀ ਗੁਰੀ ਦਾ ਯਕੀਨ ਬਣਿਆ ਹੋਇਆ ਸੀ ਕਿ ਥੇਹ ਦੇ ਕੁਝ ਘਰਾਂ ਵਿੱਚ ਗੁਫ਼ਾਵਾਂ ਹੈਗੀਆਂ ਸਨ।

ਇੱਕ ਦਿਨ ਗੁਰੀ ਨੂੰ ਇੱਕ ਘਰ ਦੀ ਸੂਹ ਮਿਲਗੀ। ਉਹ ਕਿਲ੍ਹਾਨੁਮਾ ਮੁਕਾਨ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਸੀ। ਇੱਕ ਟਿੱਲੇ ਉੱਤੇ ਸਥਿਤ ਹੋਣ ਕਾਰਨ ਵੱਖਰਾ ਹੀ ਵਿਖਾਈ ਦਿੰਦਾ ਸੀ। ਉਸ ਗੁੰਮਸੁੰਮ ਜਿਹੇ ਮਕਾਨ ਦੇ ਨੇੜੇ ਕੋਈ ਵੀ ਹੋਰ ਵੱਸਦਾ ਹੋਇਆ ਮਕਾਨ ਨਹੀਂ ਸੀ, ਬੱਸ ਖੰਡਰ ਹੀ ਖੰਡਰ ਸਨ। ਖੰਡਰਾਂ ਨੇ ਉਸ ਮਕਾਨ ਨੂੰ ਡਰਾਉਣਾ ਤੇ ਰਹੱਸਮੀ ਬਣਾਇਆ ਹੋਇਆ ਸੀ।

ਥੇਹ ਪਿੰਡ ਦੇ ਨਿਆਣੇ ਖੰਡਰਾਂ ਵਿੱਚ ਖੇਡਦੇ ਤੁਰਦੇ ਫਿਰਦੇ ਰਹਿੰਦੇ ਸਨ, ਪਰ ਉਹ ਕਿਲ੍ਹਾਨੁਮਾ ਮਕਾਨ ਕੋਲ਼ ਜਾਣ ਤੋਂ ਡਰਦੇ ਸਨ। ਉਸ ਮਕਾਨ ਬਾਰੇ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਸਨ ਕਿ ਉੱਥੇ ਭੂਤ ਵੱਸਦੇ ਸਨ।

ਰਾਤ ਵੇਲ਼ੇ ਉਸ ਮਕਾਨ ਦੇ ਬਨੇਰੇ ਉੱਤੇ ਕਈ ਵਾਰ ਇੱਕ ਬਲਦੀ ਹੋਈ ਲਾਟ ਸਰਕਦੀ ਹੋਈ ਦਿਸਦੀ ਸੀ। ਆਖਦੇ ਸਨ, ਉਹ ਲਾਟ ਘਰ ਦੀ ਰਾਖੀ ਕਰਦੀ ਸੀ।

ਗੁਰੀ ਨੂੰ ਖੁੜਕੀ। ਪਤਾਲ ਨੂੰ ਜਾਣ ਵਾਲ਼ਾ ਰਾਹ ਉਸ ਘਰ ਦੇ ਅੰਦਰ ਹੋ ਸਕਦਾ ਸੀ।

ਪੋਟਿਆਂ ਵਿੱਚ ਠੀਕਰੀ ਫੜ ਕੇ, ਵਿਹੜੇ ਬੈਠਾ ਗੁਰੀ ਮਿੱਟੀ ਉੱਤੇ ਲੀਕਾਂ ਵਾਹ ਰਿਹਾ ਸੀ। ਉਹਨੇ ਠੀਕਰੀ ਪਰ੍ਹਾਂ ਵਗਾਹ ਮਾਰੀ ਤੇ ਉੱਠ ਕੇ ਖਲੋ ਗਿਆ।

ਉਹ ਥੱਕ ਹਾਰ ਕੇ ਬੈਠਣ ਵਾਲ਼ਾ ਨਹੀਂ ਸੀ।

ਗੁਰੀ ਮਾਂ ਕੋਲ਼ ਚਲਿਆ ਗਿਆ। ਉਹ ਚੌਂਕੇ ਵਿੱਚ ਬੈਠੀ ਰੋਟੀਆਂ ਪਕਾ ਰਹੀ ਸੀ। ਗੁਰੀ ਨੇ ਪੁੱਛਿਆ, ‘‘ਮਾਂ ਤੈਨੂੰ ਤਾਂ ਪਤਾ ਹੋਊ, ਉੱਚੇ ਟਿੱਲੇ ਵਾਲ਼ਾ ਘਰ ਕੀਹਦਾ ਏ?’’

ਬਲਬੀਰ ਕੌਰ ਗੁਰੀ ਉੱਤੇ ਹਰਖ਼ੀ ਹੋਈ ਸੀ, ਬੋਲੀ, ‘‘ਤੂੰ ਪੂਰੇ ਪਿੰਡ ਵਿੱਚ ਮਟਰਗਸ਼ਤੀ ਕਰ ਆਇਆ ਏਂ...ਤੇ ਜਿਹੜਾ ਮੈਂ ਕੰਮ ਕਿਹਾ ਸੀ?’’

‘‘ਕਿਹੜਾ ਕੰਮ ਮਾਂ?’’

‘‘ਹੁਣ ਜੇ ਮੈਂ ਤੈਨੂੰ ਉੱਠ ਕੇ ਝੰਭਾਂ ਤਾਂ ਝੱਟ ਚੇਤੇ ਆ ਜੂ। ...ਤੈਨੂੰ ਜਾਣ ਲੱਗੇ ਨੂੰ ਚੇਤੇ ਵੀ ਕਰਾਇਆ ਸੀ, ਬਈ ਦੁਰਗਿਆਣੇ ਮੰਦਰ ਦੇ ਬਾਹਰ ਫੁੱਲ ਵਿਕਦੇ ਨੇ, ਆਉਂਦਾ ਹੋਇਆ ਗੇਂਦੇ ਦੇ ਫੁੱਲ ਲੈਂਦਾ ਆਵੀਂ।’’

‘‘ਓਏ ਤੇਰੀ!’’ ਗੁਰੀ ਨੇ ਮੱਥੇ ਨੂੰ ਹੱਥ ਮਾਰਿਆ।

ਨਾਹਰ ਸਿੰਘ ਬਾਹਰੋਂ ਆਇਆ ਤੇ ਚੌਂਕੀ ਖਿੱਚ ਕੇ ਬੈਠ ਗਿਆ, ‘‘ਬਈ ਮਾਂ-ਪੁੱਤ ਦੀ ਕੋਈ ਖ਼ਾਸ ਹੀ ਗੱਲ ਹੋ ਰਹੀ ਲੱਗਦੀ ਹੈ।’’

ਬਲਵੀਰ ਕੌਰ ਨੇ ਤਵੇ ਉੱਤੇ ਪਿਆ ਹੋਇਆ ਫੁਲਕਾ ਉਥੱਲਿਆ, ਬੋਲੀ, ‘‘ਤੁਹਾਡਾ ਲਾਡਲਾ ਦਿਨ ਭਰ ਕੰਧਾਂ ਕੌਲ਼ੇ ਕੱਛਦਾ ਤੁਰਿਆ ਫਿਰਦੈ। ਮੈਂ ਗੇਂਦੇ ਦੇ ਫੁੱਲ ਮੰਗਵਾਏ ਸੀ ਤੇ ਹੁਣ ਹੱਥ ਲਮਕਾਈਂ ਘਰ ਆ ਵੜਿਆ ਏ।’’

‘‘ਤੂੰ ਕੀ ਕਰਨੇ ਸੀ ਗੇਂਦੇ ਦੇ ਫੁੱਲ?’’

‘‘ਏਡੀ ਛੇਤੀ ਭੁੱਲ ਗਏ ਓਂ! ਮੈਂ ਸੁੱਖਣਾ ਸੁੱਖੀ ਸੀ, ਬਈ ਗੁਰੀ ਚੌਥੀ ਪਾਸ ਕਰ ਲਵੇ ਤਾਂ ਮੈਂ ਬਾਬੇ ਜ਼ਾਹਰੇ ਦੇ ਖੀਰ ਵੰਡੂੰ ਤੇ ਗੇਂਦੇ ਦੇ ਫੁੱਲਾਂ ਨਾਲ਼ ਮੱਥਾ ਟੇਕੂੰ।’’ ਬਲਬੀਰ ਕੌਰ ਨੇ ਤਵੇ ਉੱਤੇ ਫੁਲਕਾ ਉਤਾਰ ਕੇ ਚੰਗੇਰ ਵਿੱਚ ਰੱਖਿਆ ਤੇ ਵੇਲਿਆ ਹੋਇਆ ਫੁਲਕਾ ਤਵੇ ਉੱਤੇ ਪਾ ਦਿੱਤਾ।

ਗੁਰੀ ਬੋਲਿਆ, ‘‘ਮਾਂ ਉੱਤੇ ਤਾਂ ਬੱਸ ਮਿੱਟੀ ਦਾ ਇੱਕ ਢੇਰ ਐ ਹੋਰ ਕੁਝ ਵੀ ਨਹੀਂ। ਤੂੰ ਮਿੱਟੀ ਦੇ ਢੇਰ ਨੂੰ ਹੀ ਬਾਬਾ ਜ਼ਾਹਰ ਕਹੀ ਜਾਨੀ ਏਂ। ਉੱਥੇ ਫੁੱਲ ਕਾਹਤੋਂ ਚੜ੍ਹਾਉਣੇ ਨੇ। ਪੜ੍ਹਾਈ ਤਾਂ ਮੈਂ ਕਰਦਾ ਸੀ।’’

"ਇਹ ਤਾਂ ਨਾਸਤਕ ਜੰਮ ਪਿਆ ਏ ਸਾਡੇ ਘਰ।" ਬਲਬੀਰ ਕੌਰ ਨੇ ਬੁੜ-ਬੁੜ ਕੀਤੀ।

"ਬਲਬੀਰ ਕੁਰੇ! ਮੁੰਡਾ ਗੱਲਾਂ ਤਾਂ ਸਿਆਣੀਆਂ ਕਰਦਾ ਏ!" ਨਾਹਰ ਸਿੰਘ ਮੁਸਕਰਾਇਆ।

ਬਲਬੀਰ ਕੌਰ ਨੇ ਭੋਜਨ ਪਰੋਸ ਕੇ ਥਾਲ਼ੀਆਂ ਦੋਹਾਂ ਅੱਗੇ ਰੱਖ ਦਿੱਤੀਆਂ।

ਗੁਰੀ ਨੇ ਆਪਣਾ ਸੁਆਲ ਦੁਹਰਾਇਆ, "ਮਾਂ, ਉੱਥੇ ਟਿੱਕੇ ਵਾਲ਼ੇ ਘਰ ਕੌਣ ਰਹਿੰਦਾ ਏ?"

"ਚੁਗੱਤਿਆਂ ਤੋਂ ਇੱਕ ਬੁੱਢਾ ਬਾਬਾ ਉੱਥੇ ਰਹੀ ਜਾਂਦਾ ਏ ਜਾਂ ਫਿਰ ਉੱਥੇ ਭੂਤ ਵਸਦੇ ਹੋਣਗੇ। ਹੋਰ ਕੌਣ ਰਹੂ ਉਸ ਘਰ ਵਿੱਚ।" ਮਾਂ ਨੇ ਬੇਧਿਆਨ ਜਿਹਾ ਜੁਆਬ ਦਿੱਤਾ।

ਗੁਰੀ ਨੇ ਬੁਰਕੀ ਤੋੜੀ ਤੇ ਹੱਥ ਵਿੱਚ ਹੀ ਫੜੀ ਰੱਖੀ, "ਭੂਤ?"

"ਹਾਂ, ਭੂਤ! ...ਤੂੰ ਪਹਿਲਾਂ ਬੁਰਕੀ ਮੂੰਹ ਵਿੱਚ ਪਾ।"

ਗੁਰੀ ਬੁਰਕੀ ਮੂੰਹ ਵਿੱਚ ਪਾ ਕੇ ਚਿੱਥਣ ਲੱਗ ਪਿਆ।

ਨਾਹਰ ਸਿੰਘ ਨੇ ਭੋਜਨ ਮੁਕਾ ਕੇ ਥਾਲ਼ੀ ਚੌਂਕੇ ਦੇ ਖੁਰੇ ਵੱਲ ਖਿਸਕਾ ਦਿੱਤੀ। ਉਹ ਉੱਠ ਕੇ ਚੌਂਕੇ ਦੀ ਬਨੇਰੀ ਕੋਲ਼ ਖਲੋ ਗਿਆ, "ਬਈ ਬਲਬੀਰ ਕੁਰੇ! ਰੋਟੀ ਖਾ ਕੇ ਮੇਰੇ ਲਈ ਚਾਹ ਧਰ ਦੇਵੀਂ। ਚਾਹ ਪੀ ਕੇ ਖੇਤ ਦਾ ਗੇੜਾ ਲਾ ਆਊਂ।"

ਗੁਰੀ ਨੇ ਰੋਟੀ ਖਾਂਦਿਆਂ-ਖਾਂਦਿਆਂ ਧਿਆਨ ਨਾਹਰ ਸਿੰਘ ਵੱਲ ਮੋੜ ਲਿਆ, "ਬਾਪੂ ਜੀ! ਤੁਸੀਂ ਤਾਂ ਟਿੱਲੇ ਵਾਲ਼ੇ ਘਰ ਗਏ ਹੋਵੋਂਗੇ ਕਦੀ ਨਾ ਕਦੀ।"

"ਨਈਂ ਤਾਂ...ਕਿਉਂ?"

"ਮੈਂ ਉੱਥੇ ਜਾਣੈ!"

"ਕੀ ਐ ਉੱਥੇ!"

"ਮੈਨੂੰ ਲੱਗਦੇ, ਉੱਥੇ ਹੇਠਾਂ ਜਾਣ ਦਾ ਕੋਈ ਰਾਹ ਵੀ ਹੋਊ।"

"ਹੇਠਾਂ ਕਿੱਥੇ?"

"...ਜ਼ਮੀਨ ਦੇ ਅੰਦਰ, ਜਿੱਥੇ ਪੁਰਾਣਾ ਪਿੰਡ ਐ।"

"ਕਿਹੜਾ ਪਿੰਡ?"

"ਤੁਸੀਂ ਏਡੀ ਛੇਤੀ ਭੁੱਲ ਵੀ ਗਏ?"

ਨਾਹਰ ਸਿੰਘ ਹੱਸਣ ਲੱਗ ਪਿਆ, "ਉਸ ਪਿੰਡ ਬਾਰੇ ਮੈਂ ਦੱਸਿਆ ਸੀ ਤੈਨੂੰ।"

"ਹਾਂ...ਜਦੋਂ ਥੇਹ ਵਾਲ਼ਿਆਂ ਖੂਹ ਪੁੱਟਿਆ ਸੀ। ਪਾਣੀ ਦੀ ਥਾਂ ਕਈ ਚੀਜ਼ਾਂ ਵਿੱਚੋਂ ਨਿਕਲ ਆਈਆਂ ਸਨ।

"ਓ ਹਾਂ! ...ਮੈਂ ਤਾਂ ਭੁੱਲ ਹੀ ਗਿਆ ਸੀ।

"ਉੱਥੇ ਪਰੀਆਂ ਵੀ ਹੋਣਗੀਆਂ?"

"ਨਹੀਂ, ਪਰੀਆਂ ਦਾ ਘਰ ਤਾਂ ਸੱਤਵੇਂ ਆਸਮਾਨ ਉੱਤੇ ਹੁੰਦਾ ਏ।"

"ਫੇਰ ਤਾਂ...।"

ਨਾਹਰ ਸਿੰਘ ਨੂੰ ਗੁਰੀ ਕੁਝ ਨਿਮੋਝੂਣਾ ਹੋਇਆ ਮਹਿਸੂਸ ਹੋਇਆ। ਉਹ ਹੱਸਦਾ ਹੋਇਆ ਬੋਲਿਆ, "ਕੀ ਪਤਾ ਪਰੀਆਂ ਪਤਾਲ਼ ਵਿੱਚ ਵੀ ਰਹਿੰਦੀਆਂ ਹੋਣ। ਮੈਂ ਕਿਹੜਾ ਉੱਥੇ ਗਿਆ ਹੋਇਆ ਵਾਂ।"

ਉਹ ਹੱਸਦਾ ਹੋਇਆ ਉੱਥੋਂ ਤੁਰ ਪਿਆ, "ਬਲਬੀਰ ਕੁਰੇ! ਜਦੋਂ ਵੀ ਚਾਹ ਬਣ ਗਈ, ਹਾਕ ਮਾਰ ਦੇਵੀਂ।

ਗੁਰੀ ਨੇ ਉੱਗਲ-ਨੁੱਗਲ ਕਰਕੇ ਰੋਟੀ ਖਾਧੀ। ਬੱਲੀ ਨੂੰ ਟਿੱਲੇ ਵਾਲ਼ੇ ਘਰ ਬਾਰੇ ਦੱਸਣ ਦੀ ਉਹਨੂੰ ਕਾਹਲ਼ੀ ਸੀ।

ਉਹ ਉੱਠ ਕੇ ਵਿਹੜੇ ਵਿੱਚ ਆ ਗਿਆ।

ਖੁਰਲੀਆਂ ਉੱਤੇ ਬੱਝੀਆਂ ਮੱਝਾਂ ਜੁਗਾਲ਼ੀ ਕਰ ਰਹੀਆਂ ਸਨ। ਗੋਹੇ ਨਾਲ਼ ਲਿੱਬੜੀਆਂ ਹੋਈਆਂ ਪੂੰਛਾਂ ਤੋਂ ਬਚਦਾ ਹੋਇਆ, ਉਹ ਅਗਾਂਹ ਲੰਘ ਗਿਆ। ਗਲ਼ੀ ਵਿੱਚ ਆ ਕੇ ਉਹਨੇ ਆਕੜ ਭੰਨੀ ਤੇ ਬੱਲੀ ਦੇ ਘਰ ਵੱਨੀਂ ਤੁਰ ਪਿਆ। (ਚਲਦਾ...)

ਮਨਦੀਪ ਕੌਰ ਰਤਨ

# ਬੋਲੀਆਂ

(1)

ਆਧੁਨਿਕਤਾ ਨੇ ਰੁੱਖ਼ ਮੁਕਾ ਤੇ
ਜਵਾਨੀ ਨਸ਼ਿਆਂ ਮਾਰੀ
ਆਕਸੀਜਨ ਫਿਰਦੇ ਆਂ ਮੁੱਲ ਭਾਲ਼ਦੇ
ਆਈ ਬੁਰੀ ਬੀਮਾਰੀ
ਰੁੱਖ਼ ਲਾਉਣ ਦਾ ਹੀਲਾ ਕਰ ਲਓ
ਜੇ ਬਚਾਉਣੀ ਦੁਨੀਆ ਸਾਰੀ,

(2)

ਆ ਜਾ ਪੀਤੇ ਆਜਾ ਰੂਪੀ
ਆ ਜੋ ਪੁਸ਼ਪ ਤੇ ਨੂਰ
ਹੱਥੀਂ ਆਪਣੇ ਰੁੱਖ ਲਗਾ ਲਓ
ਅੰਬ, ਜਾਮਣੂ ਤੇ ਅੰਗੂਰ
ਰਲ਼ ਮਿਲ ਖਾਂਵਾਂਗੇ,
ਇਹ ਵਿਟਾਮਿਨਾਂ ਨਾਲ਼ ਭਰਪੂਰ,

(3)

ਰੁੱਖ਼ ਤਾਂ ਬੀਬੀ ਮੁੱਕਦੇ ਜਾਂਦੇ
ਕਿੱਥੇ ਬਹਿ ਕੇ ਤ੍ਰਿੰਞਣ ਲਾਵੇਂ
ਕਿੱਥੇ ਸੁਣਾਵੇਂ ਗੀਤ
ਆ ਜਾ ਭੈਣੇ ਹੰਭਲ਼ਾ ਕਰ ਲੈ ਨੀ
ਜੇ ਪੁਗਾਉਣੀ ਦਿਲ ਦੀ ਰੀਝ.....

(4)

ਕਿੱਥੇ ਪੰਖੇਰੂ ਪਾਉਣ ਆਲ੍ਹਣੇ
ਬਈ ਕਿੱਥੇ ਰੈਣ ਬਸੇਰੇ
ਸਾਰੇ ਰੁੱਖ਼ ਸੜਕਾਂ ਨੇ ਖਾ ਲਏ
ਆਧੁਨਿਕਤਾ ਨੇ ਲਾ ਲਏ ਡੇਰੇ
ਲੋਕੋ! ਤਰਸੋਂਗੇ
ਜੇ ਰੁੱਖ਼ ਨਾ ਲਾਏ ਚੁਫੇਰੇ.....

(5)

ਆ ਜਾ ਰਾਣੀ ਰੁੱਖ਼ ਲਗਾਈਏ
ਲਾਈਏ ਦੋ ਤੇ ਚਾਰ
ਛਾਵੇਂ ਬੈਠਾਂਗੇ
ਜਦੋਂ ਹੋਣਗੇ ਛਾਂ-ਦਾਰ.....

(6)

ਖੇਤਾਂ ਵਿੱਚੋਂ ਕਿਉਂ ਰੁੱਖ਼ ਪੁੱਟ ਛੱਡੇ
ਸਾਂਝ ਏਨਾ ਨਾਲ਼ ਪਾਈਏ
ਕੰਮ ਤੋਂ ਵਿਹਲੇ ਹੋ ਕੇ ਆਪਾਂ
ਛਾਂ ਹੇਠ ਬੈਠਣ ਆਈਏ
ਸੌਂਹ ਖਾ ਲੈ ਬੇਲੀਆ ਵੇ
ਹੁਣ ਨਾ ਆਰੀ ਰੁੱਖਾਂ ਨੂੰ ਲਾਈਏ...

(7)

ਪਿੱਪਲ, ਬੋਹੜ ਤੇ ਨਿੰਮ ਲਗਾ ਲਓ
ਕਿੱਕਰ ਤੇ ਕਰੀਰ ਵੀ ਲਾ ਲਓ
ਬਹੁਤ ਏਨਾ ਦੇ ਫ਼ਾਇਦੇ
ਜੇ ਸੁੱਖ ਲੈਣਾ ਜੀ
ਚਾਰੇ ਪਾਸੇ ਰੁੱਖ਼ ਲਗਾ ਦਿਓ।

(8)

ਆਰੀ ਨਾ ਤੂੰ ਚੁੱਕੀ ਬੀਬਾ
ਪਾਣੀ ਏਨਾ ਨੂੰ ਪਾ
ਵੱਡੇ ਹੋ ਕੇ ਫ਼ਲ ਦੇਣਗੇ
ਨਾਲ਼ੇ ਦੇਣਗੇ ਛਾਂ
ਆ ਜਾ ਦੀਪੀ ਰੁੱਖ਼ ਲਗਾਈਏ
ਇਹ ਨੇ ਸਾਡੀ ਮਾਂ।

(9)

ਆਲ਼ਾ-ਦੁਆਲ਼ਾ ਗੰਧਲਾ ਹੋ ਗਿਆ
ਆਕਸੀਜਨ ਜਾਂਦੀ ਮੁੱਕਦੀ
ਨਵੀਆਂ ਬੀਮਾਰੀਆਂ ਘੇਰਾ ਪਾਇਆ
ਦਵਾਈ ਨਾ ਕੋਈ ਲੱਭਦੀ
ਹੀਲ਼ਾ ਕਰ ਲੋ ਜੀ
ਜ਼ਿੰਦਗੀ ਜਾਂਦੀ ਘਟਦੀ।

(10)

ਵਾਰੋ-ਵਾਰੀ ਸਾਰੇ ਆ ਗਏ
ਆ ਜਾ ਮਟਕੋ, ਆ ਜਾ ਨੂਰ
ਜਨਮ ਦਿਨ ਤੇ ਰੁੱਖ਼ ਲਗਾ ਲਓ
ਜੇ ਲੈਣੀ ਆਕਸੀਜਨ ਭਰਪੂਰ...।

ਰਿਟਾ. ਪ੍ਰਿੰ. ਵਿਨੋਦ ਕੁਮਾਰ ਸ਼ਰਮਾ
62841-47945

# ਗਿਆਨ ਮੁਕਾਬਲਾ

1. ਮਈ 2023 ਵਿੱਚ ਭਾਰਤ ਦੇ ਕਿਸ ਰਾਜ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਹਨ?

ੳ) ਪੰਜਾਬ ਅ) ਰਾਜਸਥਾਨ
ੲ) ਕਰਨਾਟਕ ਸ) ਹਰਿਆਣਾ

2. ਬੁੱਕਰ ਐਵਾਰਡ ਨਾਲ ਨਵਾਜ਼ੀ ਗਈ ਪੁਸਤਕ ਦੇ The God of Small Things ਲੇਖਕ/ਲੇਖਿਕਾ ਦੇ ਨਾਂ ਲਈ ਸਹੀ ਵਿਕਲਪ ਚੁਣੋ:

ੳ) ਆਰ.ਕੇ. ਨਾਰਾਇਣ ਅ) ਮੁਲਖ ਰਾਜ ਆਨੰਦ
ੲ) ਅਰੁੰਧਤੀ ਰਾਏ ਸ) ਬਿਪਨ ਚੰਦਰ

3. ਭਾਰਤ ਸੈਨਾ ਦਿਹਾੜਾ (Indian Army Day) ਕਦੋਂ ਮਨਾਇਆ ਜਾਂਦਾ ਹੈ?

ੳ) 15 ਜਨਵਰੀ ਅ) 12 ਜਨਵਰੀ
ੲ) 25 ਜਨਵਰੀ ਸ) 26 ਜਨਵਰੀ

4. ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦਾ ਮੁੱਖ ਦਫ਼ਤਰ ਕਿੱਥੇ ਸਥਿਤ ਹੈ?

ੳ) ਜੇਨੇਵਾ (ਸਵਿਟਜ਼ਰਲੈਂਡ)
ਅ) ਨਿਊਯਾਰਕ (ਯੂ.ਐਸ.ਏ.)
ੲ) ਸ਼ੰਘਾਈ (ਚੀਨ)
ਸ) ਲੰਦਨ (ਯੂ.ਕੇ.)

5. ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਜ਼ਫ਼ਰਨਾਮਾ ਕਿਸ ਭਾਸ਼ਾ ਵਿੱਚ ਰਚਿਤ ਹੈ?

ੳ) ਪੰਜਾਬੀ ਅ) ਫ਼ਾਰਸੀ
ੲ) ਸੰਸਕ੍ਰਿਤ ਸ) ਬ੍ਰਿਜ

6. ਆਯੁਰਵੈਦਿਕ ਉਪਚਾਰ ਪ੍ਰਣਾਲੀ ਦਾ ਸੰਸਥਾਪਕ ਕੌਣ ਸੀ?

ੳ) ਚਰਕ ਅ) ਪਾਣਿਨੀ
ੲ) ਭਰਤਮੁਨੀ ਸ) ਡਾ.ਸੈਮਯੁਲ ਹਨੇਮਨਾ

7. ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦਾ ਵਿਸ਼ਵ ਪ੍ਰਸਿੱਧ ਚਿੱਤਰ ਕਿਹੜਾ ਹੈ?

ੳ) ਸੋਹਣੀ ਮਹੀਵਾਲ ਅ) ਸੱਸੀ ਪੁੰਨੂੰ
ੲ) ਹੀਰ ਰਾਂਝਾ ਸ) ਮਿਰਜ਼ਾ ਸਾਹਿਬਾ

8. ਚੀਨੀ ਸੈਲਾਨੀ ਹਿਊਨਸਾਂਗ ਨੇ ਪੰਜਾਬ ਨੂੰ ਕੀ ਨਾਂ ਦਿੱਤਾ?

ੳ) ਸਪਤ ਸਿੰਧੂ ਅ) ਪੰਚਨਦ
ੲ) ਸੇਕੀਆ ਸ) ਪੈਂਟਾਪੋਟਾਮੀਆਂ

9. ਮੈਕਮੋਹਨ ਰੇਖਾ ਦੁਆਰਾ ਕਿਹੜੇ ਦੇਸਾਂ ਨੂੰ ਅਲੱਗ ਕੀਤਾ ਗਿਆ ਹੈ?

ੳ) ਭਾਰਤ ਅਤੇ ਪਾਕਿਸਤਾਨ
ਅ) ਭਾਰਤ ਅਤੇ ਚੀਨ
ੲ) ਭਾਰਤ ਅਤੇ ਅਫ਼ਗਾਨਿਸਤਾਨ
ਸ) ਭਾਰਤ ਅਤੇ ਬੰਗਲਾਦੇਸ

10. ਭਾਰਤ ਦੀ ਪ੍ਰਸਿੱਧ ਪਰਬਤ ਚੋਟੀ ਕੰਚਨਜੰਗਾ ਹੇਠ ਲਿਖੇ ਕਿਸ ਰਾਜ ਵਿੱਚ ਹੈ?

ੳ) ਹਿਮਾਚਲ ਪ੍ਰਦੇਸ਼ ਅ) ਆਂਧਰਾ ਪ੍ਰਦੇਸ਼
ੲ) ਉਤਰਾਖੰਡ ਸ) ਸਿੱਕਿਮ

ਉੱਤਰ: 1 (ੲ) 2 (ੲ) 3 (ੳ) 4 (ੳ) 5 (ਅ) 6 (ੳ) 7 (ੳ) 8 (ੲ) 9 (ਅ) 10 (ਸ).

# ਪੰਜਾਬ ਸਕੂਲ ਸਿੱਖਿਆ ਬੋਰਡ

## ਬਾਰ੍ਹਵੀਂ ਪਰੀਖਿਆ ਮਾਰਚ 2023 (ਰੈਗੂਲਰ)

ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲ਼ੇ ਵਿਦਿਆਰਥੀ



500/500
**ਸੁਜਾਨ ਕੌਰ**
ਪੁੱਤਰੀ ਸ. ਨਿਰਮਲ ਸਿੰਘ
ਦਸਮੇਸ਼ ਕਾਨਵੈਂਟ ਸੀ.ਸੈ.ਸਕੂਲ
ਸਰਦੂਲਗੜ੍ਹ (ਮਾਨਸਾ)



498/500
**ਸ਼ਰੇਆ ਸਿੰਗਲਾ**
ਪੁੱਤਰੀ ਸ੍ਰੀ ਦੇਵਿੰਦਰ ਕੁਮਾਰ ਸਿੰਗਲਾ
ਐਮ.ਐਸ.ਡੀ. ਸੀ.ਸੈ. ਪਬਲਿਕ
ਸਕੂਲ, ਬਠਿੰਡਾ



497/500
**ਨਵਪ੍ਰੀਤ ਕੌਰ**
ਪੁੱਤਰੀ ਸ. ਅਮਰੀਕ ਸਿੰਘ
ਬੀ.ਸੀ.ਐੱਮ. ਸੀ.ਸੈਕ. ਸਕੂਲ
ਐੱਚ.ਐੱਮ. 150, ਜਮਾਲਪੁਰ ਕਲੋਨੀ,
ਫੋਕਲ ਪੁਆਇੰਟ, ਲੁਧਿਆਣਾ

## ਦਸਵੀਂ ਪਰੀਖਿਆ ਮਾਰਚ 2023 (ਰੈਗੂਲਰ)

ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲ਼ੇ ਵਿਦਿਆਰਥੀ



650/650
**ਗਗਨਦੀਪ ਕੌਰ**
ਪੁੱਤਰੀ ਸ. ਗੁਰਸੇਵਕ ਸਿੰਘ
ਸੰਤ ਮੋਹਨ ਦਾਸ ਮੈਮੋ.ਸੀ.ਸੈ.ਸਕੂਲ
ਕੋਟ ਸੁਖੀਆ (ਫਰੀਦਕੋਟ)



648/650
**ਨਵਜੋਤ**
ਪੁੱਤਰੀ ਸ੍ਰੀ ਵਿਜੈ ਕੁਮਾਰ
ਸੰਤ ਮੋਹਨ ਦਾਸ ਮੈਮੋ.ਸੀ.ਸੈ.ਸਕੂਲ
ਕੋਟ ਸੁਖੀਆ (ਫਰੀਦਕੋਟ)



646/650
**ਹਰਮਨਦੀਪ ਕੌਰ**
ਪੁੱਤਰੀ ਸ. ਸੁਖਵਿੰਦਰ ਸਿੰਘ
ਸਰਕਾਰੀ ਹਾਈ ਸਕੂਲ
ਮੰਢਾਲੀ (ਮਾਨਸਾ)

Registered No. CHD/0062/2021-2023
Registered with the Registrar of Newspapers for India, New Delhi under R.N.I. 18176/71

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੱਤਰ, ਪ੍ਰਿੰਟਰ ਅਤੇ ਪਬਲਿਸ਼ਰ ਨੇ ਬੇਦੀ ਬ੍ਰਦਰਜ਼ ਪ੍ਰਿੰਟਿੰਗ ਪ੍ਰੋਫ਼ੈਸ਼ਨਲ, 14, ਇੰਡਸਟ੍ਰੀਅਲ ਏਰੀਆ, ਫੇਸ-1, ਚੰਡੀਗੜ੍ਹ ਤੋਂ ਛਪਵਾ ਕੇ ਫ਼ੇਜ਼ 8, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 30 ਜੂਨ 2023 ਨੂੰ ਪ੍ਰਕਾਸ਼ਿਤ ਕੀਤਾ।

ਸੰਪਾਦਕ, ਦਰਸ਼ਨ ਸਿੰਘ ਬਨੂੜ

ਮੁੱਲ: ₹20